# ਸਾਂਝੀ ਵਿਰਾਸਤ

ਅੰਕ 49 ਜਿਲਦ 5 1 ਮਾਘ 557 ( 13 ਜਨਵਰੀ) 2026 )

5 ਜਨਵਰੀ (23 ਪੋਹ) – ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪੁਰਬ ਹੈ



Takht Gurdwara Patna Sahib (Birthplace of Guru Gobind Singh Sahib)

## ਸਾਂਝੀ ਵਿਰਾਸਤ (Shared Heritage)

## ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

(1-ਮਾਘ 557 / 13 ਜਨਵਰੀ 2026 ਅੰਕ)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਬਾਰਹ ਮਾਹਾ (ਤੁਖਾਰੀ) ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਬਾਰਹ ਮਾਹਾ (ਮਾਝ) ਦਾ ਪਾਠ ਅਤੇ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਗੁਰੂ ਸਾਹਿਬਾਨ ਦੀ ਗੁਰਗੱਦੀ ਬਾਰੇ | ਸਰਦਾਰ ਰਣਸ਼ੇਰ ਸਿੰਘ | 7 |
| 5. | ਵਾਰਾਂ ਭਾਈ ਗੁਰਦਾਸ ਜੀ (ਭਾਗ - 1) | ਸਰਦਾਰ ਜਸਵਿੰਦਰ ਸਿੰਘ ਰੁਪਾਲਂ | 8 |
| 6. | ਤੇਰੀ ਤਲਵਾਰ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 12 |
| 7. | Guru Gobind Singh's Concept of God | Prof Dr Surjit Singh Bhatti | 13 |
| 8. | ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਰਥਿਕ ਮਾਡਲ | ਕਰਨਲ ਡਾ. ਦਲਵਿੰਦਰ ਸਿੰਘ ਗ੍ਰੇਵਾਲ | 16 |
| 9. | ਗਲੋਬਲ ਸਿੱਖ ਕੌਂਸਲ ਵਲੋਂ ਵੈਬੀਨਾਰ ਦਾ ਸੰਖੇਪ ਸਾਰ | ਡਾ. ਸਰਦਾਰ ਕਾਬਲ ਸਿੰਘ | 19 |
| 10. | ਅੰਤਰ-ਰਾਸ਼ਟ੍ਰੀ ਕਵੀ ਦਰਬਾਰ (27 ਦਸੰਬਰ 2025) | ਈ-ਦੀਵਾਨ ਸੋਸਾਇਟੀ ਕੈਲਗਰੀ ਵਲੋਂ | 20 |
| 11 | ਅਕਾਲ ਸੈਨਾ (ਭਾਗ - 2) | ਡਾ. ਸਰਦਾਰ ਕਾਬਲ ਸਿੰਘ | 23 |
| 12. | ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਅਨੋਖੀ ਸ਼ਹਾਦਤ | ਸਰਦਾਰ ਜਸਵਿੰਦਰ ਸਿੰਘ ਰੁਪਾਲ | 25 |
| 13. | ਸੋਹਣੇ ਸ਼ਬਦ ਸੋਹਣੇ ਅੱਖਰਾਂ ਵਿਚ (Calligraphy) | ਸਰਦਾਰਨੀ ਮਨਿੰਦਰ ਕੌਰ | 31 |
| 14. | ਜ਼ਫਰਨਾਮੇ ਦੇ ਇੱਕ ਸ਼ਬਦ ਦੇ ਅਰਥ | ਸਰਦਾਰ ਜਸਵਿੰਦਰ ਸਿੰਘ ਰੁਪਾਲ | 32 |
| 15. | ਸਰਬੰਸ ਦਾਨੀ ਦਸਮੇਸ਼ ਪਿਤਾ | ਸਰਦਾਰਨੀ ਨਰਿੰਦਰ ਕੌਰ | 33 |
| 16 | Sikhs' Role in Indian National Army - INA | Dr Sardar Raja Balraj Singh | 34 |
| 17 | ਗੁਰਪੁਰਬ ਤੇ ਵਿਸ਼ੇਸ਼- *ਜੋਤ ਨੂਰਾਨੀ...(ਗੀਤ)* | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 36 |
| 18. | A New (AI-based) App for JAP JI Sahib | Dr Rajbir Singh Bhatti | 37 |
| 19 | My Interactions with Sikhs Today (New Book) | Dr Sukhmander Singh (Author) | 38 |
| 20. | ਪਿਛਲੇ ਮਹੀਨੇ (ਦਸੰਬਰ 2025) ਦੀ ਵਿਸ਼ਾ ਸੂਚੀ | Sanjhi Virasat | 40 |

## ਸੰਪਾਦਕੀ ਨੋਟ

(ਜਨਵਰੀ 2026 ਤੋਂ ਪੰਜਵਾਂ ਵਰ੍ਹਾ)

**ਮੂਲ ਨਾਨਕਸ਼ਾਹੀ ਕੈਲੰਡਰ** ਅਨੁਸਾਰ ਮਾਘ ਦਾ ਮਹੀਨਾ 13 ਜਨਵਰੀ ਤੋਂ ਸ਼ੁਰੂ ਹੁੰਦਾ ਹੈ। ਪੋਹ ਦੇ ਮਹੀਨੇ ਵਿਚ (14 ਦਸੰਬਰ ਤੋਂ 12 ਜਨਵਰੀ ਤਕ) ਧਰਮ ਲਈ ਦੋ ਵਿਲੱਖਣ ਜੰਗਾਂ ਹੋਈਆਂ। ਇੱਕ ਕਿਰਪਾਨਾਂ ਨਾਲ ਚਮਕੌਰ ਦੀ ਗੜ੍ਹੀ ਵਿਚ, ਜਿਥੇ ਦੋ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ। ਦੂਜੀ ਸਬਰ ਸਿਦਕ ਨਾਲ ਸਰਹੰਦ ਵਿਚ ਦੋ ਛੋਟੇ ਸਾਹਿਬਜ਼ਾਦੇ ਕੰਧਾਂ ਵਿਚ ਚਿਨਵਾਏ ਗਏ।ਇਸ ਨੂੰ ਸ਼ਹੀਦੀਆਂ ਦਾ ਮਹੀਨਾ ਕਿਹਾ ਜਾਂਦਾ ਹੈ।

5 ਜਨਵਰੀ (23 ਪੋਹ) 1666 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਟਨੇ (ਬਿਹਾਰ) ਵਿਚ ਪ੍ਰਕਾਸ਼ ਹੋਇਆ ਸੀ। ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ ਨੂੰ ਮਨਾਇਆ ਜਾਂਦਾ ਹੈ।

**ਮੂਲ ਨਾਨਕਸ਼ਾਹੀ** ਇਸ ਸੂਰਜੀ ਸਾਲ ਦੇ ਪਹਿਲੇ ਪੰਜ ਮਹੀਨਿਆਂ ਵਿਚ ਹਰੇਕ ਦੇ 31 ਦਿਨ ਅਤੇ ਬਾਕੀ ਸੱਤਾਂ ਮਹੀਨਿਆਂ ਵਿਚ ਹਰੇਕ ਦੇ 30 ਦਿਨ ਹੁੰਦੇ ਹਨ। ਫੱਗਣ ਵਿਚ ਹਰ 4 ਸਾਲਾਂ ਬਾਅਦ ਇੱਕ ਦਿਨ ਜੁੜਦਾ ਹੈ। ਇਹ ਅੰਗਰੇਜ਼ੀ ਮਹੀਨਿਆਂ ਨਾਲ ਹਮੇਸ਼ਾਂ ਇੱਕੋ ਤਰੀਕਾਂ ਰਾਹੀਂ ਜੁੜਦੇ ਹਨ।

1-ਚੇਤ (14 ਮਾਰਚ) ਤੋਂ ਸਾਲ ਸ਼ੁਰੂ ਹੁੰਦਾ ਹੈ। 1-ਵਿਸਾਖ (14 ਅਪਰੈਲ), 1-ਜੇਠ (15 ਮਈ), 1-ਹਾੜ੍ਹ (15 ਜੂਨ), ਅਤੇ 1- ਸਾਵਣ (16 ਜੁਲਾਈ) 31 ਦਿਨਾਂ ਵਾਲੇ ਪੰਜ ਮਹੀਨੇ ਹਨ।

1-ਭਾਦੋਂ (16 ਅਗੱਸਤ), 1-ਅੱਸੂ (15 ਸਤੰਬਰ), 1-ਕੱਤਕ (15 ਅਕਤੂਬਰ), 1-ਮੱਘਰ (14 ਨਵੰਬਰ), 1-ਪੋਹ (14 ਦਸੰਬਰ), 1-ਮਾਘ (13 ਜਨਵਰੀ), ਅਤੇ 1-ਫੱਗਣ (12 ਫਰਵਰੀ) ਦੇ 30 ਦਿਨ ਹੁੰਦੇ ਹਨ ।

### New **AI – based App**

ਜਨਵਰੀ 2026 ਦੇ ਇਸ ਅੰਕ ਵਿਚ ਡਾ. ਰਾਜਬੀਰ ਸਿੰਘ ਭੱਟੀ ਵਲੋਂ ਬਣਾਇਆ ਗਿਆ ਇੱਕ ਨਵਾਂ **AI – based App – "Japji Sahib AI Guide"** ਦਿੱਤਾ ਜਾ ਰਿਹਾ ਹੈ। ਇਸ ਤੋਂ (ਬੋਲ ਕੇ) ਜਪੁ ਜੀ ਸਾਹਿਬ ਬਾਰੇ ਕੋਈ ਵੀ ਜਾਣਕਾਰੀ ਲਈ ਜਾ ਸਕਦੀ ਹੈ। ਇਸ ਨੂੰ ਹੋਰ ਵਿਕਸਤ ਕਰਨ ਲਈ ਪਾਠਕਾਂ ਦੇ ਸੁਝਾਵਾਂ ਦਾ ਸਵਾਗਤ ਹੈ।

ਫਰਵਰੀ 2026 ਦਾ ਇੱਕ ਵਿਸ਼ੇਸ਼ ਅੰਕ ਉਨ੍ਹਾਂ ਸਿੱਖ ਜੋਧਿਆਂ ਨੂੰ ਸਮਰਪਤ ਹੈ ਜਿਨ੍ਹਾਂ ਨੇ ਇੱਕ ਨਿਆਂ-ਅਧਾਰਤ ਸਿੱਖ ਰਾਜ ਸਥਾਪਤ ਕੀਤਾ ਸੀ। ਤੁਸੀਂ ਸਿੱਖ ਰਾਜ 'ਤੇ ਕੇਂਦ੍ਰਿਤ ਢੁੱਕਵੇਂ ਲੇਖ, ਕਵਿਤਾਵਾਂ ਜਾਂ ਸੰਬੰਧਿਤ ਇਤਿਹਾਸਕ ਫੋਟੋਆਂ 26 ਜਨਵਰੀ 2026 ਤੋਂ ਪਹਿਲਾਂ ਭੇਜ ਦਿਓ ਜੀ। ਨਵਾਂ ਸਾਲ ਆਪ ਨੂੰ ਮੁਬਾਰਕ ਜੀ।

ਪ੍ਰੋਫੈਸਰ ਡਾ. ਸੁਰਜੀਤ ਸਿੰਘ ਭੱਟੀ,
ਮੁੱਖ ਸੰਪਾਦਕ, ਕੈਲਗਰੀ (ਕੈਨੇਡਾ)
surjitsinghbhatti@gmail.com

## ਮਾਘ ਦੇ ਮਹੀਨੇ ਦਾ ਪਾਠ ਅਤੇ ਵਿਆਖਿਆ

ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

ੴ ਸਤਿਗੁਰ ਪ੍ਰਸਾਦਿ॥

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥
ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥
ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥

{ਸ੍ਰੀ ਗੁਰੂ ਗ੍ਰੰਥ ਸਾਹਿਬ – ਅੰਗ 1109}

ਮਾਘ ਦੇ ਪਹਿਲੇ ਦਿਨ (ਮਾਘੀ) ਤੇ ਤੀਰਥਾਂ ਦੇ ਇਸ਼ਨਾਨ ਕਰ ਕੇ ਲੋਕ ਸੋਚਦੇ ਹਨ ਕਿ ਉਨ੍ਹਾ ਦੇ ਪਾਪ ਧੋਤੇ ਜਾਣਗੇ। ਪਰ ਗੁਰਬਾਣੀ ਅਨੁਸਾਰ ਬਾਹਰਲੇ ਇਸ਼ਨਾਨ ਨਾਲ ਮਨ ਸਾਫ਼ ਨਹੀਂ ਹੁੰਦਾ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਭਾਵੇਂ ਲੱਖਾਂ ਵਾਰੀ ਇਸ਼ਨਾਨ ਕਰੀਏ ਤਾਂ ਵੀ ਮਾਨਸਕ ਪਵਿਤ੍ਰਤਾ ਨਹੀ ਹੁੰਦੀ।

ਪਰਮਾਤਮਾ ਦੀ ਸਿਫ਼ਤ ਹੀ 68 ਤੀਰਥਾਂ ਦਾ ਇਸ਼ਨਾਨ ਹੈ। ਪ੍ਰਭੂ ਦੇ ਗੁਣਾਂ ਨੂੰ ਹਿਰਦੇ ਵਿਚ ਵਸਾਇਆਂ ਅਤੇ ਜਪਣ ਨਾਲ ਉਸਦਾ ਸਹਿਜੇ ਹੀ ਮਿਲਾਪ ਹੋ ਜਾਂਦਾ ਹੈ। ਗੰਗਾ, ਜਮਨਾ ਤੇ ਸਰਸਵਤੀ ਦਰਿਆਵਾਂ ਦੇ ਸੰਗਮ ਤ੍ਰਿਵੇਣੀ ਅਤੇ ਸੱਤਾਂ ਸਮੂੰਦਰਾਂ ਦੇ ਤੀਰਥ ਇਸ਼ਨਾਨ ਦਾ ਮਹਾਤਮ ਪ੍ਰਾਪਤ ਹੋ ਜਾਂਦਾ ਹੈ।

ਜੁਗੋ ਜੁਗ ਵਿਆਪਕ ਪਰਮੇਸ਼ਰ ਨੂੰ ਜਾਣਨਾ ਅਤੇ ਹਮੇਸ਼ਾਂ ਯਾਦ ਰੱਖਣਾ ਹੀ ਅਸਲੀ ਪੁੰਨ ਦਾਨ ਤੇ ਪੂਜਾ ਹੈ। ਇਸ ਦਿਨ ਚਾਲੀ ਮੁਕਤਿਆਂ ਦੀ ਕੁਰਬਾਨੀ ਦੀ ਯਾਦ ਵਿਚ ਲੱਖਾਂ ਲੋਕ ਗੁਰਦਵਾਰਾ ਮੁਕਤਸਰ ਸਾਹਿਬ ਦੇ  ਦਰਸ਼ਨ ਕਰਦੇ ਹਨ।



ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

ਬਾਰਹ ਮਾਹਾ ਮਾਂਝ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥
॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ॥ ਅੰਗ 133 ॥

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਮਾਘ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ....
ਮਾਘ ਦੇ ਮਹੀਨੇ ਵਿਚ ਤੀਰਥਾਂ ਦੇ ਇਸ਼ਨਾਨ ਅਤੇ ਦਾਨ ਪੁੰਨ ਆਦਿਕ ਬਾਹਰੀ ਕਰਮ ਕਾਂਡ ਕਰਨ ਨਾਲ ਕੋਈ ਸੁੱਚਾ ਨਹੀਂ ਹੋ ਸਕਦਾ, ਬਲਕਿ ਜੋ ਮਨੁੱਖ ਗੁਰੂ ਦੀ ਕਿਰਪਾ ਦੁਆਰਾ ਹਰੀ ਨਾਮ ਜਪ ਕੇ ਸੱਚ ਨਾਲ ਜੁੜ ਜਾਂਦੇ ਹਨ, ਉਹਨਾ ਦੇ ਅੰਦਰੋਂ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ, ਸੁੱਚੇ ਕੇਵਲ ਉਹਨਾ ਨੂੰ ਕਿਹਾ ਜਾ ਸਕਦ ਹੈ , ਸਾਰੇ ਸੰਸਾਰ ਵਿਚ ਉਹਨਾ ਦੀ ਸ਼ੋਭਾ ਹੁੰਦੀ ਹੈ ।



ਮਾਘ ਮਹੀਨੇ ਦਾ ਕਵਿ- ਅਨੁਵਾਦ

ਮਾਘ ਦੇ ਮਹੀਨੇ ਵਿਚ ਜੀਣਾ ਕਿਵੇਂ ਜ਼ਿੰਦਗੀ ਨੂੰ,
ਪੰਜਵੇਂ ਗੁਰਾਂ ਨੇ ਸਾਨੂੰ ਦੱਸਿਆ ਗਿਆਨ ਜੀ।
ਮਾਘ ਵਿਚ ਮੰਨਦੇ ਮਹਾਨਤਾ 'ਸ਼ਨਾਨ ਦੀ ਜੋ,
ਸਾਧੂਆਂ ਦੀ ਧੂਰੀ ਵਿਚ ਕਰੋ ਇਸ਼ਨਾਨ ਜੀ।
ਦਾਨ ਵੀ ਜੋ ਕਰਦੇ ਨੇ ਮਾਘ ਦੇ ਮਹੀਨੇ ਵਿਚ,
ਹਰੀ ਨਾਮ ਜਪੋ, ਕਰੋ ਨਾਮ ਦਾ ਹੀ ਦਾਨ ਜੀ।
ਲੱਥ ਜਾਂਦੀ ਮੈਲ ਕਈ ਜਨਮਾਂ ਦੇ ਕਰਮਾਂ ਦੀ,
ਮੁੱਕ ਜਾਂਦਾ ਮਨ ਵਿਚੋਂ ਸਾਰਾ ਅਭਿਮਾਨ ਜੀ।
ਕਾਮ ਨਾ ਕਰੋਧ ਨਾ ਹੀ ਮੋਹ ਫ਼ੇਰ ਮੋਹ ਸਕੇ, ਲੋਭ
ਕੁੱਤਾ ਭੱਜ ਜਾਂਦਾ ਛੱਡ ਕੇ ਮੈਦਾਨ ਜੀ।
ਸੱਚ ਵਾਲੇ ਰਾਹ ਤੇ ਜੋ ਚਲਦੈ ਜਹਾਨ ਵਿਚ,
ਕਰਦਾ ਹੈ ਜੱਸ ਉਹਦਾ ਸਾਰ ਹੀ ਜਹਾਨ ਜੀ।
ਦੀਨਾਂ ਅਤੇ ਦੁਖੀਆਂ ਤੇ ਕਰਦੈ ਜੋ ਦਇਆ, ਸਾਰੇ,
ਤੀਰਥਾਂ ਦੇ ਪੁੰਨ ਤੋਂ ਇਹ ਪੁੰਨ ਹੈ ਮਹਾਨ ਜੀ।
ਕਿਰਪਾ ਦਾ ਪਾਤਰ ਜੋ ਬਣੇ ਪਰਮਾਤਮਾ ਦੀ, ਹੁੰਦਾ
ਹੈ ਉਹ ਬੜਾ ਹੀ ਸੁਜਾਨ ਇਨਸਾਨ ਜੀ।
'ਨੂਰੋ-ਨੂਰ' ਹੋ ਗਏ ਇੱਕ -ਮਿੱਕ ਹੋ ਕੇ ਪ੍ਰਭੂ ਨਾਲ,
ਉਨ੍ਹਾਂ ਉਤੋਂ 'ਨਾਨਕ' ਮੈਂ ਜਾਵਾਂ ਕੁਰਬਾਨ ਜੀ।
ਮਾਘ ਦੇ ਮਹੀਨੇ ਵਿਚ ਸੁੱਚੇ ਓਹੀ ਕਹੇ ਜਾਂਦੇ,
ਜਿਨ੍ਹਾਂ ਉਤੇ ਪੂਰਾ ਗੁਰੂ ਹੋ ਜਾਏ ਮਿਹਰਬਾਨ ਜੀ।


K. S. Noor - 9815023970

ਬਾਰਹ ਮਾਹਾ
ਮਾਂਝ ਮਹਲਾ ੫
ਘਰੁ ੪
ਮਾਘ ਮਹੀਨੇ ਦੇ
ਪਾਠ ਦੀ
ਵਿਆਖਿਆ

ਇੰਜੀਨੀਅਰ ਸਰਦਾਰ
ਕਰਮਜੀਤ ਸਿੰਘ ਨੂਰ
ਜਲੰਧਰ
(ਭਾਰਤ)



# GURU SAHIBAAN FAMILY TREE AND PASSING ON THE GURUSHIP



## ਵਾਰਾਂ ਭਾਈ ਗੁਰਦਾਸ ਜੀ (ਭਾਗ – 1)

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ) –9814715796

ਵਾਹਿਗੁਰੂ ਜੀ ਦੀ ਬਖਸ਼ਿਸ਼ ਅਤੇ ਪ੍ਰੇਰਨਾ ਸਦਕਾ ਭਾਈ ਗੁਰਦਾਸ ਜੀ ਦੀ ਬਾਣੀ ਤੇ ਵਿਚਾਰ ਆਰੰਭ ਕਰ ਰਹੇ ਹਾਂ। ਭਾਈ ਗੁਰਦਾਸ ਜੀ ਦੀ ਸਮੁੱਚੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਆਖਿਆ ਗਿਆ ਹੈ। ਗੁਰਬਾਣੀ ਵਾਂਗ ਹੀ ਭਾਈ ਗੁਰਦਾਸ ਜੀ ਦੀ ਲਿਖਤ ਵੀ ਫਲਸਫੇ ਅਤੇ ਗੁਰਮਤਿ ਸਿਧਾਂਤ ਦੇ ਬਹੁਤ ਡੂੰਘੇ ਭੇਦ ਰੱਖਦੀ ਹੈ। ਬਹੁਤ ਸੰਕੁਚਿਤ ਭਾਸ਼ਾ, ਪੁਰਾਤਨ ਧਾਰਮਿਕ ਅਤੇ ਦਾਰਸ਼ਨਿਕ ਸ਼ਬਦਾਵਲੀ, ਇਤਿਹਾਸ ਅਤੇ ਮਿਥਿਹਾਸ ਦੇ ਪ੍ਰਚੱਲਿਤ ਬਿਰਤਾਂਤ, ਵਰਤੇ ਗਏ ਅਲੰਕਾਰ ਅਤੇ ਦ੍ਰਿਸ਼ਟਾਂਤ ਐਨੀ ਸੁੰਦਰ ਜੜਤ ਅਤੇ ਤਰਤੀਬ ਵਿਚ ਹਨ ਕਿ ਇੱਕ ਸ਼ਬਦ ਨੂੰ ਵੀ ਉਸਦੀ ਥਾਂ ਤੋਂ ਹਿਲਾਇਆ ਨਹੀਂ ਜਾ ਸਕਦਾ।

ਸਾਰੀਆਂ ਵਾਰਾਂ ਪਉੜੀਆਂ ਵਿੱਚ ਲਿਖੀਆਂ ਗਈਆਂ ਹਨ। ਜਿਵੇਂ ਗੁਰਬਾਣੀ ਦੇ ਸ਼ਬਦ ਦਾ ਕੇਂਦਰੀ ਭਾਵ ਰਹਾਉ ਵਾਲੀ ਪੰਗਤੀ ਵਿੱਚ ਹੁੰਦਾ ਹੈ ਅਤੇ ਬਾਕੀ ਸ਼ਬਦ ਵਿੱਚ ਉਸ ਮੂਲ ਸਿਧਾਂਤ ਦੀ ਵਿਆਖਿਆ ਹੁੰਦੀ ਹੈ। ਇਸੇ ਤਰਾਂ ਭਾਈ ਸਾਹਿਬ ਦੀਆਂ ਵਾਰਾਂ ਦੀ ਪਉੜੀ ਜੋ ਆਮ ਕਰਕੇ 6 ਤੋਂ 9 ਪੰਕਤੀਆਂ ਵਿੱਚ ਹੁੰਦੀ ਹੈ, ਉਸਦੀ ਆਖਰੀ ਪੰਗਤੀ ਵਿੱਚ ਕੇਂਦਰੀ ਭਾਵ ਹੁੰਦਾ ਹੈ। ਕਈ ਵਾਰ ਬਾਕੀ ਪੰਗਤੀਆਂ ਉਸ ਕੇਂਦਰੀ ਭਾਵ ਦੀ ਵਿਆਖਿਆ ਕਰਦੀਆਂ ਹੁੰਦੀਆਂ ਹਨ ਅਤੇ ਕਈ ਵਾਰੀ ਹੋਰ ਮੱਤਾਂ ਦੀਆਂ ਗੱਲਾਂ ਦੱਸ ਕੇ ਅਖੀਰਲੀ ਪੰਕਤੀ ਵਿੱਚ ਗੁਰਮਤਿ ਸਿਧਾਂਤ ਦੱਸਿਆ ਗਿਆ ਹੁੰਦਾ ਹੈ।



ਸ੍ਰ. ਜਸਵਿੰਦਰ ਸਿੰਘ ਰੁਪਾਲ

ਕਿਸੇ ਪਉੜੀ ਜਾਂ ਕਿਸੇ ਪੰਗਤੀ ਦੇ ਇੱਕਲੀ ਦੇ ਅਰਥ ਵਿਚਾਰਨ ਨਾਲੋਂ ਉਸ ਨੂੰ ਪੂਰੀ ਪਉੜੀ ਜਾਂ ਵਾਰ ਵਿੱਚ ਹੀ ਦੇਖਿਆ ਜਾਣਾ ਬਣਦਾ ਹੈ। ਬਹੁਤ ਸਾਰੇ ਵਿਦਵਾਨ ਲੇਖਕਾਂ ਨੇ ਭਾਈ ਸਾਹਿਬ ਦੀਆਂ ਰਚਾਵਾਂ ਉੱਤੇ ਖੋਜ ਅਤੇ ਵਿਆਖਿਆ ਪੂਰਨ ਪੁਸਤਕਾਂ ਲਿਖੀਆਂ ਹਨ, ਜਿਹਨਾਂ ਦੀ ਆਪੋ ਆਪਣੀ ਸ਼ੈਲੀ ਤੇ ਅੰਦਾਜ਼ ਤਾਂ ਹੈ ਹੀ, ਕਈ ਵਿਸ਼ਿਆਂ ਤੇ ਭਿੰਨਤਾ ਵੀ ਹੈ। ਇਹ ਵੀ ਯਾਦ ਰੱਖਣ ਦੀ ਲੋੜ ਹੈ ਕਿ ਭਾਈ ਗੁਰਦਾਸ ਜੀ ਦੀਆਂ ਲਿਖਤਾਂ ਵੀ ਮਿਲਾਵਟ ਦੇ ਦੋਸ਼ ਤੋਂ ਮੁਕਤ ਨਹੀਂ ਹਨ। ਅਸੀਂ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਆਧਾਰ ਅਤੇ ਕਸਵੱਟੀ ਬਣਾ ਕੇ ਹੀ ਸਾਰੀ ਗੱਲ ਕਰਨੀ ਹੈ। ਇਸ ਤੋਂ ਬਾਹਰ ਵੱਡੇ ਤੋਂ ਵੱਡੇ ਵਿਦਵਾਨ ਦੀ ਲਿਖਤ ਵੀ ਸਾਡੇ ਲਈ ਕੋਈ ਅਰਥ ਨਹੀਂ ਰੱਖੇਗੀ। ਅਲਪੱਗ ਬੁੱਧੀ ਹੋਣ ਕਰਕੇ ਸੈਂਕੜੇ ਹੀ ਗਲਤੀਆਂ ਲਈ ਅਗਾਊਂ ਮੁਆਫੀ ਮੰਗਦੇ ਹੋਏ ਪਾਠਕਾਂ ਤੋਂ ਉਸਾਰੂ ਟਿੱਪਣੀਆਂ ਅਤੇ ਸੁਝਾਅ ਦੀ ਉਡੀਕ ਵਿੱਚ ਹਾਂ। ... ਲੇਖਕ।

## ਵਾਰ ੧ ਪਉੜੀ ੧ (ਮੂਲ ਮੰਗਲਾਚਰਣ)

### ਮੂਲ ਪਾਠ

ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ॥ਭਵਜਲ ਵਿਚੋਂ ਕਢਿਕੇ ਮੁਕਤਿ ਪਦਾਰਥ ਮਾਹਿ ਸਮਾਇਆ॥ਜਨਮ ਮਰਣ ਭਉ ਕਟਿਆ ਸੰਸਾ ਰੋਗ ਵਿਯੋਗ ਮਿਟਾਇਆ॥ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ॥ਜਮਦੰਡ ਸਿਰੋਂ ਨ ਉਤਰੈ ਸਾਕਤ ਦੁਰਜਨ ਜਨਮੁ ਗਵਾਇਆ॥ਚਰਨ ਗਹੇ ਗੁਰਦੇਵ ਦੇ ਸਤਿ ਸਬਦ ਦੇ ਮੁਕਤ ਕਰਾਇਆ॥ਭਾਉ ਭਗਤਿ ਗੁਰਪੁਰਬ ਕਰਿ ਨਾਮ ਦਾਨ ਇਸ਼ਨਾਨ ਦ੍ਰਿੜਾਇਆ॥ਜੇਹਾ ਬੀਉ ਤੇਹਾ ਫਲੁ ਪਾਇਆ ॥੧॥

ਪਹਿਲੀ ਵਾਰ ਬਾਰੇ :- ਪਹਿਲੀ ਵਾਰ ਸਭ ਤੋਂ ਲੰਮੀ ਵਾਰ ਹੈ ਇਸ ਵਿੱਚ 49 ਪਉੜੀਆਂ ਹਨ। ਜਿਸ ਦੀ ਪਹਿਲੀ ਪਉੜੀ ਦੇ ਆਰੰਭ ਵਿੱਚ ਮੰਗਲਾਚਰਣ ਹੈ ਅਤੇ ਅੰਤਲੀ ਪਉੜੀ ਵਾਹਿਗੁਰੂ ਸ਼ਬਦ ਬਾਰੇ ਹੈ। ਬਾਕੀ ਸਾਰੀਆਂ ਵਾਰਾਂ ਦੀਆਂ 20 ਤੋਂ 25 ਤੱਕ ਪਉੜੀਆਂ ਹਨ। ਇਸ ਵਾਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਜੰਗੀ ਕਰੱਤਵਾਂ ਦਾ ਜਿਕਰ ਹੋਣ ਕਰਕੇ ਇਸਦੇ ਲਿਖਣ ਦਾ ਸਮਾਂ ਲੱਗਭੱਗ 1628 ਈਸਵੀ ਤੋਂ ਪਿੱਛੋਂ ਦਾ ਮੰਨਿਆ ਜਾਂਦਾ ਹੈ , ਕਿਉਂਕਿ ਗੁਰੂ ਹਰਿਗੋਬਿੰਦ ਜੀ ਨੇ ਪਹਿਲੀ ਜੰਗ 1628 ਈਸਵੀ ਵਿਚ ਲੜੀ ਸੀ। ਇੱਕ ਹੋਰ ਮੱਤ ਅਨੁਸਾਰ ਇਹ ਸਾਰੀ ਵਾਰ ਇਕੱਠੀ ਨਹੀਂ ਲਿਖੀ ਗਈ। ਹੋ ਸਕਦਾ ਹੈ ਵੱਖ-ਵੱਖ ਪਉੜੀਆਂ ਵੱਖ-ਵੱਖ ਸਮੇਂ ਲਿਖੀਆਂ ਗਈਆਂ ਹੋਣ, ਪਰ ਇਸਨੂੰ ਇਕੱਠਾ 1628 ਤੋਂ ਬਾਅਦ ਕੀਤਾ ਗਿਆ ਹੋਵੇ। ਇਹ ਗੱਲ ਜਚਦੀ ਹੈ ਕਿਉਂਕਿ ਇਸਦੀ ਤਰਤੀਬ ਨਾ ਤਾਂ ਕਾਲ-ਕ੍ਰਮ ਅਨੁਸਾਰ ਹੈ ਅਤੇ ਨਾ ਹੀ ਵਿਸ਼ੇ ਦੀ ਲਗਾਤਾਰਤਾ ਹੈ। ਪਹਿਲੀਆਂ ਕੁਝ ਪਉੜੀਆਂ ਵਿਚ ਜਗਤ, ਮਨੁੱਖ ਦੀ ਸਿਰਜਣਾ, ਫੇਰ ਵੱਖ-ਵੱਖ ਦਰਸ਼ਨਾਂ ਅਤੇ ਧਰਮਾਂ ਬਾਰੇ, ਜਗਤ ਦੀ ਦਸ਼ਾ, ਗੁਰੂ ਨਾਨਕ ਆਗਮਨ ਅਤੇ ਜੀਵਨ ਚੋਂ ਕੁਝ ਝਲਕੀਆਂ, ਫੇਰ ਗੁਰੂ ਹਰਿਗੋਬਿੰਦ ਜੀ ਤੱਕ ਗੁਰੂ ਸਾਹਿਬਾਨ ਬਾਰੇ ਅਤੇ ਅਖੀਰਲੀ ਪਉੜੀ ਵਾਹਿਗੁਰੂ ਸ਼ਬਦ ਦੀ ਬਣਤਰ ਬਾਰੇ ਹੈ।

ਕਿਸੇ ਗ੍ਰੰਥ ਜਾਂ ਪੁਸਤਕ ਦੇ ਆਰੰਭ ਵਿੱਚ ਲੇਖਕ ਆਪਣੇ ਇਸ਼ਟ ਜਾਂ ਗੁਰੂ ਦੀ ਮਹਿਮਾ ਵਿਚ ਜੋ ਲਿਖਦੇ, ਉਸਨੂੰ ਮੰਗਲਾਚਰਣ ਕਹਿੰਦੇ ਸੀ। ਵਿਦਵਾਨਾਂ ਨੇ ਤਿੰਨ ਤਰਾਂ ਦੇ ਮੰਗਲਾਚਰਣ ਮੰਨੇ ਹਨ।

੧. ਵਸਤੂ ਨਿਰਦੇਸ਼ਾਤਮਕ: ਜਿਸ ਗ੍ਰੰਥ ਦਾ ਜਿਕਰ ਕਰਨਾ ਹੈ, ਉਸਦੇ ਗੁਣ ਤੇ ਮਹਿਮਾ ਦੱਸਣ ਵਾਲਾ ਮੰਗਲਾਚਰਣ ਜਿਵੇਂ ਗੁਰੂ ਨਾਨਕ ਜੀ ਨੇ ਮੂਲ ਮੰਤਰ ਰਾਹੀਂ ਪ੍ਰਭੂ ਦੀ ਸਿਫਤ ਸਲਾਹ ਕੀਤੀ ਹੈ।

੨. ਅਸ਼ੀਰਵਾਦਾਤਮਕ ਜਿਸ ਵਿੱਚ ਕਲਿਆਣ ਦੀ ਕਾਮਨਾ ਕੀਤੀ ਜਾਵੇ ।

੩. ਨਮਸਕਾਰਾਤਮਕ ਜਿਸ ਵਿੱਚ ਪ੍ਰਣਾਮ ਕੀਤਾ ਜਾਵੇ। ਭਾਈ ਗੁਰਦਾਸ ਜੀ ਦਾ ਲਿਖਿਆ ਮੰਗਲਾਚਰਣ ਤੀਸਰੀ ਕਿਸਮ ਦਾ ਹੈ ਤਦ ਹੀ ਉਹ "ਨਮਸਕਾਰ ਗੁਰਦੇਵ ਕੋ" ਤੋਂ ਆਰੰਭ ਹੁੰਦਾ ਹੈ।

ਭਾਈ ਗੁਰਦਾਸ ਜੀ ਗੁਰੂ ਨਾਨਕ ਜੀ ਨੂੰ ਨਿਰੰਕਾਰ ਜਾਣ ਕੇ ਗੁਰਦੇਵ ਆਖ ਕੇ ਨਮਸਕਾਰ ਕਰ ਰਹੇ ਹਨ, ਹਾਲਾਂਕਿ ਉਹਨਾਂ ਦਾ ਸਮਾਂ ਗੁਰੂ ਨਾਨਕ ਸਾਹਿਬ ਜੀ ਦਾ ਨਹੀਂ, ਕਿਉਂਕਿ ਓਹੀ ਜੋਤਿ ਬਾਕੀ ਗੁਰੂ ਸਾਹਿਬਾਨ ਵਿੱਚ ਆ ਰਹੀ ਹੈ।

ਭਾਈ ਸਾਹਿਬ ਜੀ ਇਸਤੋਂ ਵੀ ਬਾਖੂਬੀ ਜਾਣੂ ਹਨ ਕਿ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਵੀ ਗੁਰੂ ਨਾਨਕ ਬਾਣੀ ਦੀ ਵਿਆਖਿਆ ਹੀ ਹੈ। ਸਤਿਨਾਮ ਮੰਤ੍ਰ ਮੂਲ-ਮੰਤਰ ਨੂੰ ਆਖਿਆ ਗਿਆ ਹੈ ਜਿਹੜਾ ਗੁਰੂ ਨਾਨਕ ਨੇ ਸਭ ਤੋਂ ਪਹਿਲਾਂ ਉਚਾਰਿਆ ਸੀ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ ਵੀ ਕਿਹਾ ਜਾਂਦਾ ਹੈ। ਸਤਿਨਾਮ ਸੁਣਾ ਕੇ ਗੁਰੂ ਨੇ ਭਵਜਲ ਵਿਚੋਂ ਕੱਢ ਕੇ ਮੁਕਤੀ ਦਿਵਾ ਦਿੱਤੀ ਹੈ। ਮੁਕਤੀ ਨੂੰ ਪੁਰਾਤਨ ਧਰਮਾਂ ਵਿੱਚ ਮੰਨੇ ਗਏ ਚਾਰ ਪਦਾਰਥ ਧਰਮ, ਅਰਥ, ਕਾਮ, ਮੋਖ ਵਿਚੋਂ ਇੱਕ ਹੋਣ ਕਰਕੇ ਮੁਕਤਿ ਪਦਾਰਥ ਕਿਹਾ ਗਿਆ ਹੈ। ਗੁਰੂ ਕਿਰਪਾ ਕਰਕੇ ਜਨਮ ਮਰਣ ਦਾ ਡਰ ਦੂਰ ਕਰ ਦੇਵੇ ਤਾਂ ਰੋਗ-ਵਿਯੋਗ ਦਾ ਸੰਸਾ ਨਹੀਂ ਹੁੰਦਾ। ਸਾਰੇ ਦੁਖ ਸੰਸੇ ਵਿਚ ਹਨ। ਜਮ ਦਾ ਦੰਡ ਸਿਰੋਂ ਜਾਂਦਾ ਹੀ ਨਹੀਂ, ਸਾਕਤਾਂ ਤੇ ਦੁਰਜਨਾਂ ਨੇ ਇਵੇਂ ਜਨਮ ਗਵਾ ਦਿੱਤਾ ਹੈ।

ਜਿਨਾਂ ਨੇ ਗੁਰੂ ਦੇ ਚਰਨ ਪਕੜੇ ਹਨ ਭਾਵ ਗੁਰੂ ਦੀ ਸ਼ਰਨ ਲਈ ਹੈ, ਉਹਨਾਂ ਨੂੰ ਗੁਰੂ ਨੇ ਸੱਚੇ ਸ਼ਬਦ ਦਾ ਉਪਦੇਸ਼ ਦੇ ਕੇ ਮੁਕਤ ਕਰ ਦਿੱਤਾ ਹੈ। ਓਹ ਪ੍ਰੇਮਾ ਭਗਤੀ, ਗੁਰਪੁਰਬ, ਨਾਮ ਦਾਨ ਤੇ ਇਸ਼ਨਾਨ ਆਪ ਦ੍ਰਿੜ੍ਹ ਕਰਕੇ ਹੋਰਨਾਂ ਨੂੰ ਉਪਦੇਸ਼ ਦਿੰਦੇ ਹਨ।ਭਵਜਲ ਸ਼ਬਦ ਸੰਸਾਰ ਸਮੁੰਦਰ ਲਈ ਵਰਤਿਆ ਗਿਆ ਹੈ। ਸੰਸਾਰ ਦੇ ਪ੍ਰਚੰਡ ਵਿਚੋਂ ਆਪਣੇ ਆਪ ਨੂੰ ਬਚਾ ਕੇ ਪਰਮਾਤਮਾ ਦੇ ਮਾਰਗ ਤੇ ਪਾਉਣਾ ਸਮੁੰਦਰ ਪਾਰ ਕਰਨ ਦੇ ਤੁੱਲ ਹੈ ਜਿਸਨੂੰ ਗੁਰੂ ਰੂਪੀ ਮਲਾਹ ਹੀ ਪਾਰ ਕਰਵਾ ਸਕਦਾ ਹੈ। ਮੁਕਤੀ ਦਾ ਭਾਵ ਗੁਰਬਾਣੀ ਅਨੁਸਾਰ ਜੀਵਨ-ਮੁਕਤੀ ਤੋਂ ਹੈ। ਇਸੇ ਜੀਵਨ ਵਿੱਚ ਵਿਚਰਦਿਆਂ ਵਿਕਾਰਾਂ ਤੋਂ ਮੁਕਤ ਹੋਣ ਨੂੰ ਹੀ ਜੀਵਨ ਮੁਕਤ ਕਿਹਾ ਜਾਂਦਾ ਹੈ।

ਜਨਮ ਮਰਣ ਦੇ ਦੁੱਖ ਤੋਂ ਬਚਣ ਦਾ ਸਧਾਰਨ ਅਰਥ ਇਹੀ ਸੁਣਦੇ ਹਾਂ। ਇਸ ਅਨੁਸਾਰ ਵਾਰ ਵਾਰ ਜਨਮ ਲੈਣ ਤੋਂ ਅਤੇ ਜੂਨਾਂ ਵਿੱਚ ਆਉਣ ਤੋਂ ਬਚਣਾ ਹੈ। ਪਰ ਇੱਕ ਟੀਕਾਕਾਰ ਨੇ ਇਸ ਨੂੰ ਜਨਮ ਲੈਣ ਸਮੇਂ ਬੱਚੇ ਨੂੰ ਹੁੰਦੀ ਪੀੜ, ਜਿਹੜੀ ਉਹ ਬੋਲ ਕੇ ਨਹੀਂ ਦੱਸ ਸਕਦਾ ਅਤੇ ਜਨਮ ਲੈਂਦੇ ਹੀ ਰੋਣ ਨਾਲ ਜਾਹਰ ਕਰਦਾ ਹੈ ਅਤੇ ਇਸੇ ਤਰਾਂ ਮਰਨ ਸਮੇਂ ਇਨਸਾਨ ਨੂੰ ਜੋ ਪੀੜ ਹੁੰਦੀ ਹੈ, ਇਹਨਾਂ ਪੀੜਾਂ ਤੋਂ ਬਚਣ ਦਾ ਜਿਕਰ ਕੀਤਾ ਹੈ।

ਜਮਦੰਡ ਸ਼ਬਦ ਅਗਿਆਨਤਾਵਾਂ, ਵਿਕਾਰਾਂ ਅਤੇ ਮਾਇਆ ਦੀ ਪਕੜ ਵਿਚ ਰਹਿੰਦੀ ਆਤਮਾ ਲਈ ਦੁੱਖਾਂ ਅਤੇ ਪੀੜਾਂ ਨੂੰ ਕਿਹਾ ਗਿਆ ਹੈ। ਜੋ ਮਨੁੱਖ ਸਤਿਗੁਰ ਦੀ ਸ਼ਰਨ ਪੈਂਦਾ ਹੈ, ਗੁਰੂ ਉਸਨੂੰ ਸ਼ਬਦ ਰਾਹੀਂ ਵਿਕਾਰਾਂ ਤੋਂ ਮੁਕਤ ਕਰਵਾਉਂਦੇ ਹਨ। ਅਖੀਰਲੀ ਕੇਂਦਰੀ ਭਾਵ ਵਾਲੀ ਪੰਕਤੀ ਵਿਚ ਭਾਈ ਸਾਹਿਬ ਨਿਚੋੜ ਕੱਢ ਕੇ ਦੱਸਦੇ ਹਨ ਕਿ ਇਨਸਾਨ ਜੈਸਾ ਬੀਜੇਗਾ, ਤੇਹਾ ਹੀ ਫਲ ਪਵੇਗਾ।

ਪਹਿਲੀਆਂ ਪੰਕਤੀਆਂ ਵਿੱਚ ਭਾਈ ਸਾਹਿਬ ਨੇ ਦੋਵਾਂ ਸਥਿਤੀਆਂ ਦਾ ਹਾਲ ਦੱਸ ਦਿੱਤਾ ਹੈ, ਆਮ ਤੌਰ ਤੇ ਇਨਸਾਨ ਭਰਮਾਂ ਵਿੱਚ ਫਸਿਆ ਰਹਿੰਦਾ ਹੈ, ਸੰਸਾਰੀ ਬਿਰਤੀਆਂ ਉਸਨੂੰ ਘੇਰੀ ਰੱਖਦੀਆਂ ਹਨ। ਇਹਨਾਂ ਕਰਕੇ ਹੀ ਉਹ ਸਾਕਤ ਅਤੇ ਦੁਰਜਨ ਵਿਅਕਤੀ ਬਣ ਕੇ ਵਿਕਾਰਾਂ ਵਾਲੇ ਕਰਮ ਕਰਦਾ ਹੈ, ਦੁੱਖ ਭੋਗਦਾ ਹੈ। ਜਦਕਿ ਦੂਸਰੀ ਸਥਿਤੀ ਉਹ ਹੈ ਜਿਸ ਵਿਚ ਵਿਅਕਤੀ ਸਤਿਗੁਰੂ ਦੀ ਸ਼ਰਨ ਵਿੱਚ ਜਾ ਕੇ ਸ਼ਬਦ ਨੂੰ ਕਮਾਉਂਦਾ ਹੈ। ਸ਼ਬਦ ਵਿਚਾਰ ਨਾਲ ਉਹ ਚੰਗੇ ਕਰਮ ਕਰਦਾ ਹੈ ਜਿਹਨਾਂ ਵਿਚ ਨਿਰਮਲ ਭੈ ਅੰਦਰ ਰਹਿਣਾ ਅਤੇ ਗੁਰੂ ਦੀ ਮੰਨਣਾ ਹੈ।

ਨਾਮ, ਦਾਨ ਤੇ ਇਸ਼ਨਾਨ ਉਸ ਸਮੇਂ ਦੇ ਚੰਗੇ ਮੰਨੇ ਜਾਂਦੇ ਕਰਮ ਸਨ। ਇਹਨਾਂ ਤੇ ਦ੍ਰਿੜ੍ਹਤਾ ਨਾਲ ਚੱਲਣ ਵਾਲਾ ਇਨਸਾਨ ਕੁਦਰਤੀ ਹੀ ਆਪਣੀ ਸ਼ਖਸ਼ੀਅਤ ਨੂੰ ਹੋਰ ਸਵਾਰ ਸਕਦਾ ਹੈ। ਹੁਣ ਇਹ ਇਨਸਾਨ ਦੇ ਹੱਥ ਵਿਚ ਹੈ ਕਿ ਉਸਨੇ ਦੋਹਾਂ ਵਿਚੋਂ ਕੀ ਚੁਣਨਾ ਹੈ। ਸਤਿਗੁਰੂ ਤੋਂ ਟੁੱਟ ਕੇ ਵਿਕਾਰੀ ਬਣ ਕੇ ਜੀਵਨ ਗਵਾਉਣਾ ਹੈ ਜਾਂ ਸ਼ਬਦ ਤੋਂ ਸੇਧ ਲੈ ਕੇ ਜੀਵਨ ਸਵਾਰਨਾ ਹੈ। ਉਸਦੀ ਕੀਤੀ ਹੋਈ ਚੋਣ ਹੀ ਉਸਨੂੰ ਮਿਲਣ ਵਾਲੇ ਫਲ ਦਾ ਫ਼ੈਸਲਾ ਕਰੇਗੀ।

ਗੁਰਬਾਣੀ ਫੁਰਮਾਨ :-- ਗੁਰਬਾਣੀ ਦੇ ਕੁਝ ਉਹ ਫੁਰਮਾਨ ਵਿਚਾਰਦੇ ਹਾਂ, ਜਿਹਨਾਂ ਦਾ ਭਾਵ ਭਾਈ ਗੁਰਦਾਸ ਜੀ ਦੀ ਲਿਖਤ ਵਾਲਾ ਹੈ। ਅਸੀਂ ਕੁੰਜੀ ਨੂੰ ਜਿੰਦਾ ਨਹੀਂ ਲਗਾ ਰਹੇ, ਪਰ ਸਾਡਾ ਮਕਸਦ ਇਹ ਦੱਸਣ ਤੋਂ ਹੈ ਕਿ ਗੁਰਬਾਣੀ ਵਿੱਚ ਪੇਸ਼ ਕੀਤੇ ਵਿਚਾਰਾਂ ਵਿੱਚ ਜੋ ਕਿਹਾ ਗਿਆ ਹੈ, ਭਾਈ ਸਾਹਿਬ ਜੀ ਦੀ ਲਿਖਤ ਵਿਚ ਉਹ ਭਾਵ ਤੇ ਉਪਦੇਸ਼ ਤਾਂ ਆਉਣਾ ਹੀ ਸੀ, ਕੁਝ ਸ਼ਬਦ ਵੀ ਗੁਰਬਾਣੀ ਵਾਲੇ ਆ ਗਏ ਹਨ। ਉਪਰੋਕਤ ਮੰਗਲਾਚਰਣ ਵਿੱਚ ਆਏ ਸ਼ਬਦ ਭਵਜਲ, ਜਨਮ ਮਰਣਿ, ਮੁਕਤਿ ਪਦਾਰਥ, ਜਮ ਦੰਡ, ਭਉ ਭਾਉ ਆਦਿ ਗੁਰਬਾਣੀ ਦੇ ਹੀ ਅਰੱਥ ਭਾਵਾਂ ਵਿੱਚ ਪੇਸ਼ ਕੀਤੇ ਗਏ ਹਨ। ਗੁਰਬਾਣੀ ਦੇ ਇਨਾਂ ਹਵਾਲਿਆਂ ਨੂੰ ਮੂਲ ਮੰਗਲਾਚਰਣ ਨਾਲ ਮਿਲਾ ਕੇ ਦੇਖੋ॥

* ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥(ਪੰਨਾ ੫੮, ਸਿਰੀ ਰਾਗੁ ਮ : ੩)

* ਗੁਰਪਰਸਾਦੀ ਮੁਖ ਉਜਲਾ ਜਪਿ ਨਾਮੁ ਦਾਨੁ ਇਸਨਾਨੁ॥(ਪੰਨਾ ੮੧, ਸਿਰੀ ਰਾਗੁ ਮ :੫)

* ਸੁਣਿ ਮਨ ਮੇਰੇ ਭਜੁ ਸਤਿਗੁਰ ਸਰਣਾ ॥

ਗੁਰ ਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ॥(ਪੰਨਾ ੩੩, ਸਿਰੀਰਾਗੁ ਮਹਲਾ ੩)

* ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ॥(ਪੰਨਾ ੪੫, ਸਿਰੀਰਾਗੁ ਮਹਲਾ ੫)

*ਸਿਰੈ ਊਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ॥(ਪੰਨਾ ੬੪੮, ਮ :੩)

* ਮਨੁ ਦੀਜੈ ਗੁਰ ਆਪਨੇ ਪਾਈਐ ਸਰਬੁ ਪਿਆਰੁ॥ ਮੁਕਤਿ ਪਦਾਰਥੁ ਪਾਈਐ ਅਵਗੁਣ ਮੇਟਣ ਹਾਰ॥ ਪੰਨਾ ੫੯, ਸਿਰੀਰਾਗੁ ਮਹਲਾ ੧)

* ਭਾਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥ (ਪੰਨਾ ੪੭੦, ਮਹਲਾ :੧)

* ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ (ਪੰਨਾ ੧੩੪, ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪)

ਸਾਰ ਭਾਵ :- ਭਾਈ ਸਾਹਿਬ ਵਾਰਾਂ ਆਰੰਭ ਕਰਨ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੂੰ ਨਮਸਕਾਰ ਕਰਦੇ ਹਨ, ਜਿਨਾਂ ਨੇ ਮੂਲ ਮੰਤਰ ਦਿੱਤਾ ਹੈ। ਗੁਰੂ ਨੇ ਸੰਸਾਰ ਦੇ ਬਖੇੜਿਆ ਵਿਚੋਂ ਕੱਢ ਕੇ ,ਸ਼ਬਦ ਦੇ ਲੜ ਲਗਾਇਆ ਹੈ ਜਿਸ ਕਾਰਨ ਭਰਮ,ਅਗਿਆਨਤਾ ਖਤਮ ਹੋਣ ਉਪਰੰਤ ਵਿਕਾਰਾਂ ਤੋਂ ਖਲਾਸੀ ਹੋਈ ਹੈ। ਮਨਮੁਖ ਭਰਮਾਂ ਵਿਚ ਭਟਕਦੇ ਫਿਰਦੇ ਹਨ, ਤੇ ਆਪਣਾ ਜੀਵਨ ਅਜਾਈਂ ਗੁਆ ਦਿੰਦੇ ਹਨ। ਸਤਿਗੁਰੂ ,ਸ਼ਰਨ ਪਿਆਂ ਨੂੰ ਭਾਉ ਭਗਤਿ ਬਖਸ਼ਦਾ ਹੈ ਜਿਸ ਨਾਲ ਗੁਰਮੁਖ ਨਾਮ ਦਾਨ ਇਸ਼ਨਾਨ ਕਰਦਾ ਜੀਵਨ ਮੁਕਤੀ ਨੂੰ ਪ੍ਰਾਪਤ ਕਰਦਾ ਹੈ। ਹਰ ਇਨਸਾਨ ਆਪਣਾ ਹੀ ਬੀਜਿਆ ਵੱਢਦਾ ਹੈ।

***************

# ਤੇਰੀ ਤਲਵਾਰ

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਜਦ ਵੀ ਕੋਈ ਜ਼ੁਲਮ ਦੀ ਗੁੰਜਾਰ ਚਮਕੀ ਹੈ।
ਐ ਤੇਗ ਦੇ ਚੰਨਾ! ਤੇਰੀ ਤਲਵਾਰ ਚਮਕੀ ਹੈ।

ਇਤਿਹਾਸ ਦੇ ਗਗਨਾ ਤੇ ਜਦ ਵੀ ਛਾ ਗਿਆ ਫ਼ਿਰਕੂ ਜੁਨੂ।
ਜਗ ਹੋ ਗਈ ਪਰਲੋ ਤੇ ਲੋਕਾਂ ਆਖਿਆ ਹੁਣ ਕੀ ਬਣੂ ?
ਅਗਲੇ ਹੀ ਪਲ ਤੇਰੀ ਭਗੌਤੀ ਚੰਡਕਾ ਦਾ ਰੂਪ ਧਾਰ,
ਕੁੱਦ ਪਈ ਰਣਖੇਤ ਵਿਚ ਤੇ ਗੂੰਜ ਉਠੀ ਜੈ ਜੈ ਕਾਰ।
ਝਖੜਾਂ ਦੇ ਸਿਰ ਚੜ੍ਹ ਤੇਰੀ ਲਲਕਾਰ ਚਮਕੀ ਹੈ।

ਇਸ ਚਮਕ ਦੇ ਪ੍ਰਕਾਸ਼ ਨੇ ਆਕਾਸ਼ ਸਾਰਾ ਰੰਗਿਆ।
ਤੇ ਧਰਤ ਦੇ ਹਰ ਇਕ ਜ਼ਰ੍ਹੇ ਨੇ ਨੂਰ ਤੈਂਥੋਂ ਮੰਗਿਆ।
ਧਰਤੀ ਦੇ ਪੁੱਤ ਰਾਖੇ ਬਣੇ ਹੱਕਾਂ ਤੇ ਪਹਿਰੇ ਤਾਣ ਕੇ।
ਜ਼ੁਲਮਾਂ ਦੇ ਕਾਫ਼ਲੇ ਪਛਤਾਏ ਡਾਹਢੇ ਆਣ ਕੇ।
ਫ਼ਿਰ ਮੁੜ ਸੱਚ ਹੱਕ ਦੀ ਜੈਕਾਰ ਚਮਕੀ ਹੈ।

ਕੁਝ ਲੈਕੇ ਤੈਥੋਂ ਜ਼ਿੰਦਗੀ ਖ਼ਾਕੀ ਤੋਂ ਨੂਰੀ ਹੋ ਗਏ।
ਕੁਝ ਪੀ ਕੇ ਤੈਂਥੋਂ ਦੋ ਹੀ ਘੁੱਟ ਜੀਵਨ ਸਰੂਰੀ ਹੋ ਗਏ।
ਉਹ ਇਸ ਤਰ੍ਹਾਂ ਜੂਝੇ ਕਿ ਖ਼ੁਦ ਦੁਸ਼ਮਣ ਵੀ ਮੋਹਿਤ ਹੋ ਗਿਆ।
ਉਹ ਇਸ ਤਰ੍ਹਾਂ ਸੱਜਣ ਬਣੇ ਕਿ ਕੋਈ ਨਾ ਦੁਸ਼ਮਣ ਰਿਹਾ।
ਉਹਨਾਂ ਨੂੰ ਹਰ ਹਰ ਪਾਸੇ ਤੇਰੀ ਝਲਕਾਰ ਚਮਕੀ ਹੈ।

ਅਜ ਜਦੋਂ ਕੋਈ ਹੱਕ ਦਾ ਨਾਹਰਾ ਲਗਾਂਦਾ ਹੈ ਕਿਤੇ।
ਜਦੋਂ ਇਨਸਾਨੀਅਤ ਦੀ ਜੈ ਬੁਲਾਂਦਾ ਹੈ ਕਿਤੇ।
ਸਾਰੀ ਹੀ ਧਰਤੀ ਵਾਸਤੇ ਕੋਈ ਸੁਰਗ ਜਦ ਹੈ ਕਲਪਦਾ।
ਲਗਦੈ ਜਿਵੇਂ ਕਿ ਤੇਰੀ ਹੀ ਕਿਧਰੋਂ ਆ ਰਹੀ ਹੋਵੇ ਸਦਾਅ।
ਇਹ ਵਾਰ ਵਾਰ ਸੱਚ ਦੀ ਲਲਕਾਰ ਚਮਕੀ ਹੈ।

ਜਦ ਵੀ ਕੋਈ ਜ਼ੁਲਮ ਦੀ ਗੁੰਜਾਰ ਚਮਕੀ ਹੈ।
ਐ ਤੇਗ ਦੇ ਚੰਨਾ ਤੇਰੀ ਤਲਵਾਰ ਚਮਕੀ ਹੈ।

## Guru Gobind Singh Sahib's Concept of God

Professor Dr Surjit Singh Bhatti, Calgary (Canada)

**Ancients** worshipped different pantheons of gods and goddesses. The Egyptians, Greeks and Romans associated their deities with various aspects of Life and Nature. During the Indus Valley period also, most people followed *polytheism* and worshipped worldly symbols. Some, however, transitioned to *monotheism* over time.

**Monotheism** was propagated by Guru Nanak and was followed by all nine Sikh Gurus after him. They rejected the existence of numerous gods and godesses and believed in One Effulgent and Eternal Creator of the Universe (s). Guru Gobind Singh wrote in the preamble of *Jaap Sahib*, one of his poetical compositions :

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥

The Creator is without mark, sign, caste, lineage, colour, form or distinctive norm, beyond description, stable and limit-less. God is the Lord of millions of Indras and kings and is the Master of all. Each twig says: "Thy Names can not be described but can be told by your grace".

**'One Supreme God'** is addressed by Guru Sahib using names of prevailing mythical deities to describe His countless qualities and powers in *Jaap Sahib*. After writing about God's many qualities, he says their number is infinite and they are beyond comprehension. In *Swayyey*, another set of his spiritual verses, he says that *Compassion* for and *Service* of God's Creation are the ways to worship God. Other rituals are worthless.

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥15॥85॥

(Some are recluse, mendicants, *Yogi*s or *Brahmchari*. Some are Hindus and some are Muslims, but all human beings are One and the Same. The Merciful Creator is the same Sustainer of all and Compassionate. There is no other god or goddess. Distinction is an error and an illusion. One Lord is the 'Enlightener of All' living beings. )

**Wars** were foisted upon Guru Sahib by the cruel Emperor of his time. In *"Zafar Nama",* his daring *"Epistle of Victory",* addressed to the Emperor, Guru Sahib wrote : Since all my other (peaceful) means have failed, my using the "Sword" to safeguard the right of worshipping my religion, is justified. In his *Shastar Nam Mala*", he praised weapons for self-defense and for protection of the meek. He fought and won 14 battles against the tyrants and saluted the 'Strength of God', as the "Wielder of the Sword".

ਨਮੋ ਦੇਵ ਦੇਵੰ ਨਮੋ ਖੜਗਧਾਰੰ ॥

***Bhagauti*** was a metaphor he used for the Sword, not for any god or goddess entrenched in the popular psyche. ***'Ardas'***, the Prayer (by Guru Gobind Singh Sahib), also starts with an Invocation to the 'Sword', as a 'Emblem of Strength'.

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ ॥

**God as "Wielder of Sword"** was a concept given earlier by Guru Har Gobind Sahib, to fight against the Moghuls to protect *Dharma*. He wore two swords, one for morality of a *Saint*, and the other for bravery of a *Soldier*. Guru Teg Bahadur Sahib also wielded the sword with astonishing dexterity. Guru Nanak had warned against wishful thoughts when Moghuls invaded India. Priests recited *Mantras* in the belief that the Moghuls would become blind by their chanting. It was the Moghuls' swords that sealed the fate of the weaklings.

ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥4॥

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵ ਗਾਈ ॥

***Khalsa,*** created by Guru Gobind Singh Sahib as unflinching believers in One God, and be armed to protect the "Human Rights" of all. He glorified "*Kirpan"* as One Supreme God's "*Kirpa"* (blessing). He prayed for a "boon" to achieve victory in his battle against injustice. Renunciation, withdrawal, ritualism and austerities are non-options.

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕ
ਬਹੂੰ ਨ ਟਰੋ ॥
ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰਿ
ਅਪੁਨੀ ਜੀਤ ਕਰੋ ॥
ਅਰੁ ਸਿਖ ਹੌ ਆਪਨੇ ਹੀ ਮਨ ਕੋ ਇਹ ਲਾਲਚ
ਹਉ ਗੁਨ ਤਉ ਉਚਰੋ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ
ਰਨ ਮੈ ਤਬ ਜੂਝ ਮਰੋ ॥

**Miracles were** being performed at that time by pseudo-godmen (and women) to impress their followers. Guru Sahib rejected these. His ideal human being was a *Saint-Soldier,* the embodiment of moral and physical strength.

ਕਮਾਲਸ਼ ਕਰਾਮਾਤ ਆਜ਼ਮ ਕਰੀਮ॥ ਰਜ਼ਾ
ਬਖਸ਼ ਰਾਜ਼ਕ ਰਹਾਕੇ ਰਹੀਮ॥
ਬ ਜਾਕਰ ਦਿਹੰਦ ਈਂ ਜ਼ਮੀਨ ਜ਼ਮਾਨ॥ ਮਲੂਕੋ
ਮਲਾਯਕ ਹਮਹ ਆਂ ਜਹਾਨ॥

(One Supreme and Absolute God alone can perform miracles, eliminate human bondages, and give boons of Earth, Sky, and the entire Universe ).

**Jogi Allah Yar Khan**, a Sufi Saint, in his poem, *Mersiya* (of 114 sestets), describes what Guru Sahib said to his sons in the battle of Chamkaur.

ਸਰ ਭੇਂਟ ਕਰੋ ਤਾਕਿ **ਧਰਮ ਕੀ ਚਲੇ ਨੱਯਾ** ।

## Summary

Guru Gobind Singh Sahib's universal 'Concept of God' is based on the following principles.

1. *Monotheism* : One and only one Supreme God. Rejection of all forms of rituals, miracles, polytheism and blind beliefs.

2. *True Worship* : Selfless Service and compassionate sharing resources with others.

3. *Saint-Soldier* : With strength to protect "Human Rights" of oneself and others.

4. Weapons as the 'Strength of God' can be used as a last resort if all means for peace fail.

5. Love (with the Creator and His creation) is the way to achieve (understand) the Supreme God .

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ
ਕੀਓ ਤਿਨ ਹੀ ਪ੍ਰਭ ਪਾਇਓ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਰਥਿਕ ਮਾਡਲ – 1

ਕਰਨਲ ਡਾ: ਦਲਵਿੰਦਰ ਸਿੰਘ ਗ੍ਰੇਵਾਲ,
ਪ੍ਰੋਫੈਸਰ ਐਮਰੀਟਸ, ਦੇਸ਼ ਭਗਤ ਯੂਨੀਵਰਸਿਟੀ 9815366726

ਆਰਥਿਕ ਮਾਡਲ ਅਸਲ-ਵਿਸ਼ਵ ਆਰਥਿਕ ਕੈਂਬਰਿਜ ਬਿਜ਼ਨਸ ਇੰਗਲਿਸ਼ ਡਿਕਸ਼ਨਰੀ ਅਨੁਸਾਰ ਅਰਥਵਿਵਸਥਾ ਉੱਤੇ ਕਿਸੇ ਚੀਜ਼ ਦੇ ਪ੍ਰਭਾਵ ਦੀ ਗਣਨਾ ਕਰਨ ਲਈ ਵਰਤਿਆ ਜਾਣ ਵਾਲਾ ਇਹ ਇੱਕ ਸਿਧਾਂਤ ਹੈ। ਵਿਸ਼ਵ ਦੇ ਦੋ ਮੁੱਖ ਮਾਡਲ ਮੰਗ ਅਤੇ ਪੂਰਤੀ (ਸਪਲਾਈ ਅਤੇ ਡਿਮਾਂਡ) ਅਤੇ "ਮਾਈਕਰੋ ਆਰਥਿਕਤਾ" ਤੇ ਆਧਾਰਿਤ ਹਨ। ਸਪਲਾਈ ਅਤੇ ਮੰਗ ਮਾਡਲ ਦਰਸਾਉਂਦੇ ਹਨ ਕਿ ਬਾਜ਼ਾਰ ਦੇ ਜਵਾਬ ਵਿੱਚ ਕੀਮਤਾਂ ਕਿਵੇਂ ਅਨੁਕੂਲ ਹੁੰਦੀਆਂ ਹਨ। ਮੈਕਰੋ ਆਰਥਿਕ ਮਾਡਲ ਵਿਆਜ ਦਰਾਂ ਅਤੇ ਰਾਸ਼ਟਰੀ ਆਮਦਨ ਦਰਮਿਆਨ ਪਰਸਪਰ ਪ੍ਰਭਾਵ ਨੂੰ ਸਮਝਣ ਵਿੱਚ ਮਦਦ ਕਰਦੇ ਹਨ। ਪਰ ਇਨ੍ਹਾਂ ਵਿੱਚੋਂ ਕੋਈ ਵੀ ਮਾਡਲ ਵਿਸ਼ਵ ਮਨੁੱਖੀ ਮੰਗ ਅਤੇ ਲੋੜਾਂ ਦੀ ਪੂਰਤੀ ਨਹੀਂ ਕਰਦਾ। ਜਿਸ ਕਰਕੇ ਸਮੁੱਚੇ ਵਿਸ਼ਵ ਦੀ ਆਰਥਿਕਤਾ ਡਗਮਗਾਈ ਹੋਈ ਹੈ। ਯੂ ਐਨ ੳ ਨੇ ਵੀ ਅਪਣੀ ਵਿਸ਼ਵ ਆਰਥਿਕ ਸਥਿਤੀ-2025 ਦੀ ਰਿਪੋਰਟ ਵਿੱਚ ਵਿਸ਼ਵ ਆਰਥਿਕਤਾ ਬਾਰੇ ਇੰਕਸ਼ਾਪ ਕੀਤਾ ਹੈ ਕਿ "ਲੰਮੀ ਅਨਿਸ਼ਚਿਤਤਾ ਦੇ ਵਿਚਕਾਰ ਗਲੋਬਲ ਵਿਕਾਸ ਮੱਧਮ ਰਹੇਗਾ। ਘੱਟ ਮਹਿੰਗਾਈ ਅਤੇ ਮੁਦਰਾ ਅਸਾਨਤਾ ਰਾਹਤ ਦੀ ਪੇਸ਼ਕਸ਼ ਕਰਦੇ ਹਨ, ਪਰ ਵਪਾਰਕ ਤਣਾਅ, ਉੱਚ ਕਰਜ਼ੇ ਦਾ ਬੋਝ ਅਤੇ ਭੂ-ਰਾਜਨੀਤਿਕ ਜੋਖਮ ਦ੍ਰਿਸ਼ਟੀਕੋਣ ਨੂੰ ਘਟਾਉਂਦੇ ਹਨ" ।



ਵਿਸ਼ਵ ਅਰਥਵਿਵਸਥਾ ਨੂੰ ਲਗਾਤਾਰ ਕਈ ਸੰਕਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਟਿਕਾਊ ਵਿਕਾਸ ਟੀਚਿਆਂ (ਐੱਸ ਡੀ ਜੀ) ਵੱਲ ਪ੍ਰਗਤੀ ਖਤਰੇ ਵਿੱਚ ਪੈ ਰਹੀ ਹੈ [4]। ਰੁਜ਼ਗਾਰੀ, ਦੁਰਲੱਭ ਸਰੋਤ ਅਤੇ ਅਸੰਤੁਸ਼ਟ ਇੱਛਾਵਾਂ ਵਰਗੇ ਮੁੱਦੇ-ਮੁੱਖ ਮਨੁੱਖੀ ਕਦਰਾਂ-ਕੀਮਤਾਂ ਵਿੱਚ ਗਿਰਾਵਟ ਦੇ ਨਾਲ-ਨਾਲ ਸਮਾਜ ਨੂੰ ਇੱਕ ਖਤਰਨਾਕ ਚੱਕਰ ਵਿੱਚ ਫਸ ਰਹੇ ਹਨ। ਸਾਈਬਰ ਘੁਟਾਲਿਆਂ ਤੋਂ ਲੈ ਕੇ ਵ੍ਹਾਈਟ-ਕਾਲਰ ਅਪਰਾਧਾਂ ਤੱਕ, ਇਹ ਚੱਕਰ ਸਿਰਫ ਬਦਤਰ ਹੁੰਦਾ ਜਾ ਰਿਹਾ ਹੈ। ਸੰਤੁਸ਼ਟੀ ਉੱਤੇ ਦਿਆਲਤਾ ਅਤੇ ਉਪਭੋਗਵਾਦ ਉੱਤੇ ਮੁਕਾਬਲੇ ਨੂੰ ਉਤਸ਼ਾਹਿਤ ਕਰਨਾ।

ਸਮੱਸਿਆ ਸਿਰਫ ਨੌਕਰੀਆਂ ਜਾਂ ਪੈਸਾ ਨਾ ਹੋਣ ਬਾਰੇ ਨਹੀਂ ਹੈ, ਬਲਕਿ ਸਮਾਜਿਕ ਸਫਲਤਾ ਅਤੇ ਰੁਤਬੇ ਦਾ ਪਿੱਛਾ ਕਰਦੇ ਹੋਏ ਸਾਡੇ ਨੈਤਿਕ ਮਾਰਗ ਦਰਸ਼ਕ ਨੂੰ ਗੁਆਉਣ ਬਾਰੇ ਹੈ। ਸਾਈਬਰ ਕ੍ਰਾਈਮ, ਆਰਥਿਕ ਘੁਟਾਲਿਆਂ ਅਤੇ ਨੌਜਵਾਨਾਂ ਦੇ ਮੋਹ ਭੰਗ ਹੋਣ ਨੂੰ ਅੱਜ ਦੇ ਖਪਤਕਾਰ-ਸੰਚਾਲਿਤ ਸਮਾਜ ਦੁਆਰਾ ਬਣਾਏ

ਗਏ ਭਾਵਨਾਤਮਕ ਤਣਾਅ ਅਤੇ ਅਵਿਸ਼ਵਾਸ਼ਯੋਗ ਉਮੀਦਾਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਜਿਵੇਂ ਕਿ ਯੂ ਐਨ ਓ ਨੇ ਵੀ ਸਵੀਕਾਰ ਕੀਤਾ ਹੈ ਕਿ ਮੌਜੂਦਾ ਆਰਥਿਕ ਮਾਡਲ ਇਸ ਗੰਭੀਰ ਸਥਿਤੀ ਨੂੰ ਸੁਲਝਾਉਣ ਵਿੱਚ ਅਸਫਲ ਰਹੇ ਹਨ ਹੁਣ ਇੱਕ ਅਜਿਹੇ ਮਾਡਲ ਦੀ ਜ਼ਰੂਰਤ ਹੈ ਜੋ ਮੌਜੂਦਾ ਮੁਸ਼ਕਲਾਂ ਦਾ ਹੱਲ ਦੇ ਸਕੇ। ਇਸ ਦਾ ਇਕ ਵਧੀਆ ਆਰਥਿਕ ਮਾਡਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਮਿਲ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਕੇਂਦਰੀ ਧਾਰਮਿਕ ਗ੍ਰੰਥ ਹੈ, ਜਿਸ ਨੂੰ ਸਿੱਖਾਂ ਦੁਆਰਾ ਧਰਮ ਮੁੱਖ ਸਰੋਤ ਗੁਰੂ ਮੰਨਿਆ ਜਾਂਦਾ ਹੈ ਜੋ ਮਾਰਗਦਰਸ਼ਨ ਅਤੇ ਸਿਆਣਪ ਦਾ ਇੱਕ ਸਦੀਵੀ ਸਰੋਤ ਹੈ । ਇਸ ਵਿੱਚ 1430 ਅੰਗ ਹਨ ਜਿਨ੍ਹਾਂ ਵਿੱਚ 6 ਸਿੱਖ ਗੁਰੂ, 15 ਭਗਤ, 11 ਭੱਟ ਅਤੇ 4 ਗੁਰਸਿੱਖਾਂ ਦੇ 5,894 ਸ਼ਬਦ ਸ਼ਾਮਲ ਹਨ ਜਿਨ੍ਹਾਂ ਵਿੱਚ ਪੂਰੇ ਵਿਸ਼ਵ ਲਈ ਰੂਹਾਨੀ ਹੀ ਨਹੀਂ ਦੁਨਿਆਵੀ ਗਿਆਨ ਭਰਿਆ ਪਿਆ ਹੈ ਜਿਸ ਨੂੰ ਹੁਣ ਵਿਸ਼ਵ ਆਰਥਿਕਤਾ ਦੇ ਸੰਦਰਭ ਵਿੱਚ ਵਿਚਾਰਾਂਗੇ ।

ਸਾਂਝੀਵਾਲਤਾ ਤੇ ਭਾਈਚਾਰੇ ਤੇ ਆਧਾਰਿਤ ਆਰਥਿਕ ਮਾਡਲ

ਵਿਸ਼ਵ ਦੇ ਅਜੋਕੇ ਮਾਡਲਾਂ ਦਾ ਸਭ ਤੋਂ ਵੱਡਾ ਨੁਕਸ ਵਿਅਕਤੀਵਾਦ ਹੈ ਜਿਸ ਵਿੱਚ ਸਮਾਜ ਦਾ ਨਹੀਂ ਵਿਅਕਤੀ ਸਿਰਫ ਅਪਣਾ ਹੀ ਫਾਇਦਾ ਸੋਚਦੇ ਹਨ ਜਿਸ ਵਿੱਚ ਦੂਸਰਿਆਂ ਦੇ ਨੁਕਸਾਨ ਦੀ ਕੋਈ ਪਰਵਾਹ ਨਹੀਂ ਹੁੰਦੀ। ਆਰਥਿਕਤਾ ਦਾ ਮੁਖ ਆਧਾਰ ਮਾਇਆ ਹੈ ।ਪਾਪਾਂ ਬਾਝੌਂ ਹੋਵੇ ਨਾਹੀਂ (ਸ੍ਰੀ ਗੁਰੂ ਗ੍ਰੰਥ ਸਾਹਿਬ: ਅੰਗ 417) ਤੇ ਇਨ੍ਹਾਂ ਪਾਪਾਂ ਵਿੱਚ ਝੂਠ ਪਰਧਾਨ ਹੋ ਜਾਂਦਾ ਹੈ ਤੇ ਸੱਚ ਨੂੰ ਛੁਪਣਾ ਪੈਂਦਾ ਹੈ। ਕਾਮ, ਕ੍ਰੋਧ, ਲੋਭ ਮੋਹ, ਹੰਕਾਰ ਇਸ ਪਾਪਾਂ ਦੀ ਕਮਾਈ ਦਾ ਨਤੀਜਾ ਹੁੰਦੇ ਹਨ ਤੇ ਹਉਮੈਂ ਦਾ ਰੋਗ ਅਜਿਹਾ ਚੰਮੜਦਾ ਹੈ ਕਿ  ਬੰਦੇ ਨੂੰ ਅਪਣੀ ਹੋਸ਼ ਨਹੀਂ ਰਹਿੰਦੀ।

ਅਮਰੀਕਾ ਦੇ ਸ਼ਕਤੀਵਾਨ ਰਾਸ਼ਟਰਪਤੀ ਨੂੰ ਵੇਖ ਲਉ ਜੋ ਅਪਣੇ ਆਪ ਨੂੰ ਅਤੇ ਅਪਣੇ ਵਿਉਪਾਰ ਨੂੰ ਹੋਰ ਵੱਡਾ ਦਿਖਾਉਣ ਲਈ ਦੁਨੀਆਂ ਦੀ ਹਰ ਲੜਾਈ ਵਿੱਚ ਟੰਗ ਅੜਾਉਂਦਾ ਹੈ ਤੇ ਇਸ ਦੁਨੀਆਂ ਦੀ ਸਾਰੀ ਅਰਥਿਕਤਾ ਨੂੰ ਭੰਬਲ ਭੁਸੇ ਵਿੱਚ ਪਾਇਆ ਹੋਇਆ ਹੈ । ਪਿਆਰ ਤੇ ਸਮਾਜਿਕ ਬਰਾਬਰੀ ਦੀ ਥਾਂ ਹਥਿਆਰਾਂ ਦੇ ਵਿਉਪਾਰ ਰਾਹੀਂ ਵਿਸ਼ਵ ਪ੍ਰਭੁਤਵ ਨੂੰ ਪ੍ਰਭਾਵਿਤ ਕਰ ਰਿਹਾ ਹੈ।  ਨਾਬਰਾਬਰੀ, ਗਰੀਬੀ-ਅਮੀਰੀ ਵੱਡਾ-ਛੋਟਾ ਉਚਾ-ਨੀਵਾਂ ਜਿਹੇ ਪਾੜੇ ਪੈ ਜਾਂਦੇ ਹਨ ਜੋ ਸਮਾਜ ਦੇ ਹਿੱਤ ਵਿੱਚ ਨਹੀਂ ।

ਅਮਰੀਕਾ ਦੇ ਚੁੱਕੇ ਮੁਲਕ ਸਾਰੀਆਂ ਹੱਦਾਂ ਪਾਰ ਕਰ ਗਏ ਹਨ।  ਜਿਸ ਕਰਕੇ ਯੂ ਐਨ ਓ ਅਤੇ ਯੁਨੈਸਕੋ ਨੇ ਵੀ ਉਪਰੋਕਤ ਰੋਣੇ ਰੋਏ ਹਨ। ਕੀ ਵਿਸ਼ਵ ਨੂੰ ਅਜਿਹੇ  ਮਾਡਲ ਦੀ ਲੋੜ ਹੈ? ਨਹੀਂ, ਵਿਸ਼ਵ ਲਈ ਭਰਾਤਰੀਵਾਦ, ਬਰਾਬਰੀ, ਪ੍ਰੇਮ, ਸਾਂਝੀਵਾਲਤਾ, ਸਹਿਚਾਰ, ਸਹਿਜ, ਸ਼ਾਂਤੀ ਵਾਲਾ ਮਾਡਲ ਲੋੜੀਂਦਾ ਹੈ ਜਿੱਥੇ ਕੋਈ ਭੁੱਖਾ ਨਾ ਸਵੇਂ ਅਤੇ ਰਹਿਣ ਲਈ ਢੁਕਵਾਂ ਸਥਾਨ ਹੋਵੇ।

ਗੁਰੂ ਗ੍ਰੰਥ ਸਾਹਿਬ ਦੇ ਆਰਥਿਕਤਾ ਦੇ ਮਾਡਲ ਦਾ ਆਧਾਰ ਪਹਿਲੇ ਸ਼ਬਦ 1 ਓਂਕਾਰ ਤੋਂ ਹੀ ਮਿਲ ਜਾਂਦਾ ਹੈ ਜਿਸਦਾ ਅਰਥ ਹੈ "ਇੱਕੋ ਸਿਰਜਣਹਾਰਾ ਜੋ ਸਾਰੀ ਸ੍ਰਿਸ਼ਟੀ ਵਿੱਚ ਹਾਜ਼ਰ ਨਾਜ਼ਰ ਹੈ। ਸਮਾਜਿਕ ਰੁਤਬੇ, ਜਾਤੀ ਜਾਂ ਲਿੰਗ ਦੀ ਪਰਵਾਹ ਕੀਤੇ ਬਿਨਾਂ, ਸਾਰੇ ਵਿਅਕਤੀਆਂ ਨਾਲ ਬਰਾਬਰੀ ਅਤੇ ਸਤਿਕਾਰ ਨਾਲ ਪੇਸ਼ ਆਉਣ ਦੇ ਮਹੱਤਵ 'ਤੇ ਜ਼ੋਰ ਦਿੰਦਾ ਹੈ। ਸਿੱਖਾਂ ਨੂੰ ਆਪਣੀ ਜ਼ਿੰਦਗੀ ਕਿਵੇਂ ਬਤੀਤ ਕਰਨੀ ਹੈ,

ਇਸ ਬਾਰੇ ਸੇਧ ਦਿੰਦਾ ਹੈ। 'ਸਭਨਾਂ ਜੀਆ ਕਾ ਏਕੁ ਦਾਤਾ ਸੋ ਮੈ ਵਿਸਰੁ ਨਾ ਜਾਈ ਦਾ ਪਾਠ ਪੜ੍ਹਾਉਂਦਾ ਹੋਇਆ ਉਨ੍ਹਾਂ ਨੂੰ "ਹੋਇ ਇਕਤ੍ਰ ਮਿਲਹੁ ਮੇਰੇ ਭਾਈ" ਉਚਾਰਦਾ ਹੋਇਆ ਸਾਂਝੀਵਾਲਤਾ ਨਾਲ ਜੀਣ, ਵੰਡ ਕੇ ਛਕਣ, ਦੂਜੇ ਦੀ ਮਦਦ ਕਰਨ ਅਤੇ ਸਰਬਸੰਮਤੀ ਨਾਲ ਫੈਸਲੇ ਲੈ ਕੇ ਵਿਚਾਰ ਵਟਾਂਦਰੇ ਬਾਰੇ ਸਿਖਾਉਂਦਾ ਹੈ। ਗੁਰਬਾਣੀ ਸਾਰੇ ਮਨੁੱਖਾਂ ਦੀ ਬਰਾਬਰੀ ਅਤੇ ਨਿਰਭੈਤਾ ਦੇ ਮਹੱਤਵ ਨੂੰ ਦਰਸਾਉਂਦੀ ਹੈ।ਉਹ ਇੱਕਈਸ਼ਵਰਵਾਦ ਵਿੱਚ ਵਿਸ਼ਵਾਸ ਅਤੇ ਵਾਹਿਗੁਰੂ ਦੀ ਮਹੱਤਤਾ ਨੂੰ ਵੀ ਉਜਾਗਰ ਕਰਦੀ ਹੈ।

ਇਹ ਆਰਥਿਕ ਮਾਡਲ ਇੱਕ ਨੇਕ ਜੀਵਨ ਜਿਊਣ ਲਈ ਵਿਅਕਤੀਗਤ ਜ਼ਰੂਰਤਾਂ ਨੂੰ ਸਮਾਜਿਕ ਭਲਾਈ ਨਾਲ ਸੰਤੁਲਿਤ ਕਰਦਾ ਹੈ। ਜੇ ਇਸ ਇਕਨੋਮਿਕ ਮਾਡਲ ਨੂੰ ਸਿਧਾਂਤਾਂ ਦਾ ਉਹ ਸਿਲਸਿਲਾ ਮੰਨੀਏ ਜਿਨ੍ਹਾਂ ਨਾਲ ਅਸੀਂ ਭੂਤਕਾਲ ਤੇ ਵਰਤਮਾਨ ਦੀ ਧਰਾਤਲ ਤੇ ਮੁਲਾਂਕਨ ਕਰੀਏ ਤਾਂ ਇਸ ਲਈ ਸਾਨੂੰ ਵਿਸ਼ਵ ਦੇ ਹਰ ਮਨੁੱਖ ਦੀਆਂ ਸਮਸਿਆਂਵਾਂ ਦੂਰ ਕਰਨ ਅਤੇ ਚੰਗਾ ਜੀਵਨ ਜੀਣ ਯੋਗ ਵਸੀਲਿਆਂ ਦੀ ਪ੍ਰਾਪਤੀ ਦਾ ਮੁਲਾਂਕਣ ਜ਼ਰੂਰੀ ਹੋਵੇਗਾ ਜਿਸ ਨਾਲ ਕੁਝ ਕੁ ਚੁਨਿੰਦਾ ਅਮੀਰਾਂ ਜਾਂ ਸਰਕਾਰਾਂ ਦਾ ਹੀ ਨਹੀਂ ਪੂਰੇ ਵਿਸ਼ਵ ਦੇ ਹਰ ਜੀਵ ਨੂੰ ਸੁੱਖ ਸ਼ਾਂਤੀ ਮਿਲੇ ਤੇ ਮੁੱਖ ਮੁੱਦਾ ਹਰ ਪ੍ਰਾਣੀ ਦਾ ਲਾਭ ਹੋਵੇ ਅਤੇ ਤਰੱਕੀ ਦੇ ਉਪਾਅ-ਉਪਰਾਲੇ ਹੋਣ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕਨਾਮਿਕ ਮਾਡਲ ਉਸਦੇ ਪਹਿਲੇ ਅੱਖਰ ਇਕ ਓਕਾਰ ਤੇ ਅਧਾਰਤ ਹੈ ਮਾਡਲ ਦੀ ਨਹੀਂ ਉਸਦੇ ਪਹਿਲੇ ਅੱਖਰ ਇਕ ਓਕਾਰ ਤੇ ਰੱਖੀ ਹੋਈ ਹੈ ਜਿਸ ਵਿੱਚ ਬ੍ਰਹਿਮੰਡ ਦਾ ਕਰਤਾ ਇੱਕ ਪਰਮਾਤਮਾ ਨੂੰ ਮੰਨਿਆ ਗਿਆ ਹੈ ਜਿਸ ਦੀ ਸਾਰੀ ਰਚਨਾ ਹੈ ਉਹ ਇੱਕੋ ਹੀ ਹੈ। ਜੇ ਸਭ ਦਾ ਰਚਣਹਾਰਾ ਹੈ ਤਾਂ ਸਾਰੇ ਭੈਣ ਭਾਈ ਹਨ ਅਤੇ ਸਾਰਿਆਂ ਦਾ ਜੀਣ ਹੱਕ ਬਰਾਬਰ ਹੈ। ਉਸ ਦੀ ਸਾਰੀ ਰਚਨਾ ਵਿੱਚ ਬਰਾਬਰ ਦਾ ਹਿੱਸਾ ਹੈ ਬਰਾਬਰਤਾ ਤੇ ਭਾਈਵਾਲੀ ਮੁੱਖ ਸਿਧਾਂਤ ਹਨ ਜੋ ਕਰਤਾ ਤੋਂ ਮਿਲੇ ਹਨ, ਕਰਤਾ ਜੋ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ਹੀ ਸੱਚ ਦੀ ਬੁਨਿਆਦ੍ਹ ਤੇ ਹੋਣੀ ਚਾਹੀਦੀ ਹੈ।

## ਗਲੋਬਲ ਸਿੱਖ ਕੌਂਸਲ ਵਲੋਂ 20 ਨਵੰਬਰ 2025 ਦੇ ਵੈਬੀਨਾਰ ਵਿਚ ਗਲਬਾਤ ਦਾ ਸੰਖੇਪ ਸਾਰ

ਲੇਖਕ : ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)

**ਵਿਸ਼ਾ: ਕੀ ਮੈਂ ਸਬਦੁ ਗੁਰੂ ਦਾ ਸਿੱਖ ਹਾਂ, ਜੇ ਨਹੀਂ ਤਾਂ ਮੇਰੇ ਵਿਚ ਕਿਹੜੀਆਂ ਘਾਟਾਂ ਹਨ।**

### ਸਬਦੁ

ਨਾਮੁ, ਸਬਦੁ, ਤੇ ਹੁਕਮ ਇਕ ਹੀ ਹਨ। ਗੁਰੂ ਨਾਨਕ ਦਾ ਗੁਰੁ, ਸਬਦੁ ਗੁਰੁ, ਅਨਹਦ ਰਾਗ, ਸੱਚ, ਬਿਨਾ ਰੰਗ ਰੂਪ ਦੇ ਹੈ। ਇਸ ਸ੍ਰਿਸ਼ਟੀ ਦੀ ਕਾਰ ਸਬਦੁ ਦੇ ਅਧੀਨ ਹੀ ਚੱਲ ਰਹੀ ਹੈ।

### ਸਬਦੁ ਗੁਰੂ ਦਾ ਸਿੱਖ

ਸਬਦੁ ਗੁਰੂ ਦਾ ਸਿੱਖ ਨਹੀਂ ਜੇਕਰ ਉਹ : ਆਪ ਪੜਦਾ, ਵਿਚਾਰਦਾ ਤੇ ਸਬਦੁ ਦੀ ਸਿਖਿਆ ਅਨੁਸਾਰ ਜੀਵਨ ਨਹੀਂ ਜਿਉਂਦਾ। ਸਿੱਖਣ ਦੇ ਰਾਹ ਤੇ ਨਹੀਂ ਚਲਦਾ।ਪੰਜ ਵਿਕਾਰਾਂ ਦੇ ਅਧਾਰ ਤੇ ਫੈਸਲੇ ਲੈਂਦਾ ਹੈ। ਅਸੀਂ ਆਪ ਥਾਪੇ ਹੋਏ ਸਿੱਖ ਹਾਂ। ਸਬਦ ਗੁਰੂ ਦੇ ਸਿੱਖ ਹੋਣ ਦੀ ਉਪਾਧੀ ਕੋਈ ਆਪਣੇ ਆਪ ਨੂੰ ਨਹੀਂ ਦੇ ਸਕਦਾ। ਉਪਾਧੀ ਦੇਣ ਵਾਲਾ ਵਧੇਰੇ ਗਿਆਨ ਵਾਲਾ ਹੋਵੇ।

### ਸਿੱਖੀ ਕੀ ਹੈ

ਹਰ ਸਮੇਂ ਸਬਦੁ ਗੁਰੂ ਨੂੰ ਖੋਜਣਾ, ਸਮਝਣਾ, ਮੰਨਣਾਂ, ਤੇ ਅਪਨਾਉਣਾ। ਕਰਮ ਕਾਂਡ ਤੋ ਸੁਚੇਤ, ਸੱਚੀ ਰਹਿਣੀ, ਸੇਵਾ, ਮਿਠਾ ਬੋਲਣ, ਨਿਮਰਤਾ ਵਿਚ ਰਹਿਣਾ।

ਸਭ ਦੀ ਬਰਾਬਰੀ ਤੇ ਮਨੁਖਤਾ ਦੀ ਭਲਾਈ। ਸ਼ੁਕਰਾਨਾ ਕਰਨ ਤੇ ਇਨਸਾਫ ਦਾ ਜੀਵਨ। ਆਪ ਸਿਖਣਾ ਤੇ ਹੋਰਨਾ ਨੂੰ ਸਿਖਾਉਣਾ ਜਾਂ ਸਿਖਣ ਲਈ ਪ੍ਰੇਰਿਤ ਕਰਨਾ।

ਕਿਸੇ ਨੂੰ ਡਰਾਉਣਾ ਨਹੀਂ ਤੇ ਕਿਸੇ ਤੋਂ ਡਰਨਾ ਨਹੀਂ । **ਅੱਜ** ਗੁਰੂ ਗਰੰਥ ਸਾਹਿਬ ਦੀ ਬਾਣੀ ਦਾ ਘੱਟ ਤੇ ਹੋਰ ਲਿਖਤਾਂ ਦਾ ਪ੍ਰਚਾਰ ਵੱਧ ਹੋ ਰਿਹਾ ਹੈ। ਸੰਗਤਾਂ ਤੇ ਪੁਜਾਰੀਆਂ ਦਾ ਕਰਮ ਕਾਂਢ ਤੇ ਜੋਰ ਹੈ, ਮਾਇਆ ਵਲ ਝੁਕਾਉ ਹੈ। ਬਹੁਤੇ ਪ੍ਰਬੰਧਕ ਤੇ ਪ੍ਰਚਾਰਕ ਮਨੂਵਾਦੀ ਬਿਰਤੀ ਅਗੇ ਝੁਕ ਗਏ ਹਨ।

ਸਬਦੁ ਵਿਚਾਰ ਛੱਡ ਕੇ ਸਬਦੁ ਦੀ ਪੂਜਾ ਕਰਨ ਲਈ ਪ੍ਰੇਰਦੇ ਹਨ। ਕਰਮ ਕਾਂਢ (ਜਿਵੇਂ ਕਿ ਪੈਸੇ ਲੈ ਕੇ ਪਾਠ ਤੇ ਅਰਦਾਸ ਕਰਨੇ ਆਦਿ) ਕਰਦੇ ਹਨ। ਸਾਡੇ ਮਨਾ ਨੂੰ ਗਲਤ ਪ੍ਰੋਗਰਾਮ ਕਰਕੇ ਰੀਤੀ ਰਿਵਾਜ (ਜਿਵੇਂ ਮਸਿਆ, ਸੰਗਰਾਂਦ, ਦੀਵਿਆਂ ਚ ਤੇਲ ਪਾਉਣਾਂ, ਕੁੰਭ, ਨਾਰੀਅਲ, ਆਦਿ), ਬਾਬੇ, ਸਾਧ ਤੇ ਹੋਰ ਸਾਨੂੰ ਸਬਦੁ ਦੀ ਵਿਚਾਰ ਤੋਂ ਰੋਕਦੇ ਹਨ।

ਡੇਰਾਵਾਦ ਵਧਦਾ ਜਾ ਰਿਹਾ ਹੈ। ਲੋਕਾਚਾਰੀ ਨੂੰ ਰੱਖਣ ਕਾਰਨ ਕਈ ਵਾਰ ਸਬਦੁ ਦੇ ਉਪਦੇਸ਼ ਦੀ ਪਾਲਣਾਂ ਨਹੀਂ ਹੋ ਰਹੀ। ਗੁਰੂ ਦੀ ਸਿਖਿਆ ਬਚਪਨ ਤੋਂ ਸ਼ੁਰੂ ਨਹੀਂ ਹੋ ਰਹੀ। ਸੱਤ ਸੰਗਤ ਵਾਲੇ ਘੱਟ ਨੇ, ਪਰ ਗਲਾਂ ਵਾਲੇ ਜਿਆਦਾ।


ਈ - ਦੀਵਾਨ ਸੁਸਾਇਟੀ
ਕੈਲਗਿਰੀ
ਵੱਲੋਂ
ਪੋਹ ਮਹੀਨੇ ਦੀਆਂ ਸ਼ਹਾਦਤਾਂ ਨੂੰ ਸਮਰਪਿਤ
ਅੰਤਰਰਾਸ਼ਟਰੀ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸੁਜਾਨ ਸਿੰਘ ਸੁਜਾਨ ਟੋਰੰਟੋ
ਕੋ-ਹੋਸਟ
ਜਸਵਿੰਦਰ ਸਿੰਘ ਰੁਪਾਲ
ਪ੍ਰੈਸ ਸਕੱਤਰ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਸਮਾਂ। 9:00am Calgary
11:00am Toronto
8:00 a.m. Seattle
ਮਿਤੀ
27 ਦਸੰਬਰ ਸ਼ਨੀਵਾਰ
5:00 p.m. Italy
9:30 p.m. India
ਪਹੁੰਚ ਰਹੇ ਕਵੀ ਸਹਿਬਾਨ
ਕੁਲਵਿੰਦਰ ਸਿੰਘ ਗਾਖਲ ਜਲੰਧਰ
ਅਵਤਾਰ ਸਿੰਘ ਆਦਮਪੁਰੀ ਸਿਆਟਲ
ਜਸਵੰਤ ਸਿੰਘ
ਬਲਕਾਰ ਸਿੰਘ
( ਭਾਗ ਲੈ ਰਹੇ ਬੱਚੇ )
1. ਮੋਹਕਮ ਸਿੰਘ ਚੌਹਾਨ ਕੈਲਗਰੀ
2. ਰਹਿਤਪ੍ਰੀਤ ਕੌਰ ਟੋਰਾਂਟੋ
3. ਸਿਦਕ ਸਿੰਘ ਗਰੇਵਾਲ ਕੈਲਗਰੀ
4. ਨੂਰ ਕੌਰ ਗਰੇਵਾਲ ਕੈਲਗਰੀ
5. ਵਰਨੂਰ ਕੌਰ ਕੈਲਗਰੀ
6. ਸਗਮ ਸਿੰਘ ਕੈਲਗਰੀ
7. ਹਰਅਸੀਸ ਕੌਰ ਕੈਲਗਰੀ
ਗੁਰਨਾਮ ਕੌਰ ਕੈਲਗਰੀ
ਡਾ : ਜਗਦੀਪ ਕੌਰ ਮਲੇਰਕੋਟਲਾ
ਸੁਖਮਿੰਦਰ ਸਿੰਘ ਗਿੱਲ ਕੈਲਗਰੀ
ਪ੍ਰੇਮ ਸਿੰਘ ਕਵੀਸ਼ਰੀ ਟੋਰਂਟੋ

Some of the Participants in the KAVI DARBAR



## ਈ-ਦੀਵਾਨ ਸੋਸਾਇਟੀ, ਕੈਲਗਰੀ ਵਲੋਂ 27-12-2025 ਨੂੰ
## *ਪੋਹ ਦੀਆਂ ਸ਼ਹਾਦਤਾਂ ਨੂੰ ਸਮਰਪਿਤ ਅੰਤਰਰਾਸ਼ਟਰੀ ਕਵੀ ਦਰਬਾਰ*
## *ਚਰਚੇ ਇਤਿਹਾਸ ਕਰੂਗਾ, ਸਿੱਖਾਂ ਸਰਦਾਰਾਂ ਦੇ*

(ਜਸਵਿੰਦਰ ਸਿੰਘ ਰੁਪਾਲ): ਸੋਸਾਇਟੀ ਦੇ ਸੰਸਥਾਪਕ ਸ. ਜਗਬੀਰ ਸਿੰਘ ਨੇ ਸਭ ਨੂੰ ਜੀ ਆਇਆਂ ਆਖਦਿਆਂ, ਇਹਨਾਂ ਦਿਨਾਂ ਦੀ ਕੌਮੀ ਮਹੱਤਤਾ ਦਾ ਜਿਕਰ ਕੀਤਾ। ਅਮਿਤੋਜ ਕੌਰ ਟੋਰਾਂਟੋ ਨੇ ਸ਼ਬਦ "ਕ੍ਰਿਪਾ ਨਿਧਿ ਬਸਹੁ ਹਰਿ ਨੀਤ॥" ਅਤੇ ਬ੍ਰਿਜਮੰਦਰ ਕੌਰ ਜੈਪੁਰ ਨੇ ਸ਼ਬਦ "ਆਦਿ ਗੁਰ ਏ ਨਮਹ॥ ਜੁਗਾਦਿ ਗੁਰ ਏ ਨਮਹ॥" ਸੁਣਾ ਕੇ ਵਾਤਾਵਰਣ ਤਿਆਰ ਕੀਤਾ।

ਜਲੰਧਰ ਤੋਂ ਕੁਲਵਿੰਦਰ ਸਿੰਘ ਗਾਖਲ ਨੇ ਗੀਤ "ਮੇਰੇ ਕਲਗੀਆਂ ਵਾਲੇ ਪ੍ਰੀਤਮ ਜੀ, ਚਮਕੌਰ ਗੜ੍ਹੀ ਵਿੱਚ ਆਏ ਸੀ" ਗਾ ਕੇ ਕਵੀ ਦਰਬਾਰ ਦਾ ਆਗਾਜ਼ ਕੀਤਾ। ਡਾ ਜਗਦੀਪ ਕੌਰ ਮਲੇਰਕੋਟਲਾ ਨੇ ਚਮਕੌਰ ਸਾਹਿਬ ਦਾ ਸਾਕਾ ਆਪਣੇ ਅੰਦਾਜ਼ ਵਿੱਚ ਪੇਸ਼ ਕੀਤਾ। ਕਵੀਸ਼ਰੀ ਰੰਗ ਵਿਚ ਪ੍ਰੇਮ ਸਿੰਘ ਅਤੇ ਪਵਿੱਤਰ ਸਿੰਘ ਨੇ "ਔਹ ਵੇਖੋ ਦਸ਼ਮੇਸ਼ ਦੇ ਦੂਲ੍ਹੇ, ਦੇਸ਼ ਤੋਂ ਜਿੰਦ ਘੁਮਾ ਗਏ ਦੋ" ਕਵਿਤਾ ਪੇਸ਼ ਕੀਤੀ। ਪੰਥਕ ਕਵੀ ਸੁਜਾਨ ਸਿੰਘ ਸੁਜਾਨ ਨੇ ਚਮਕੌਰ ਦੀ ਜੰਗ ਦੇ ਦ੍ਰਿਸ਼ ਰੂਪਮਾਨ ਕਰ ਦਿੱਤੇ। ਗੁਰਨਾਮ ਕੌਰ ਕੈਲਗਰੀ ਨੇ "ਦਾਦੀ ਪਈ ਲੋਰੀਆਂ ਦੇਵੇ, ਲਾਲਾਂ ਪਿਆਰਿਆਂ ਨੂੰ" ਸੁਣਾ ਕੇ ਸਾਕਾ ਸਰਹੰਦ ਦੀ ਯਾਦ ਤਾਜ਼ਾ ਕੀਤੀ। ਸਿਆਟਲ ਤੋਂ ਅਵਤਾਰ ਸਿੰਘ ਆਦਮਪੁਰੀ ਨੇ ਗੀਤ "ਕਲਮਾਂ ਕੀ ਲੇਖਾ ਲਿਖਣੈ, ਉਸਦੇ ਉਪਕਾਰਾਂ ਦਾ" ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਉਪਕਾਰਾਂ ਨੂੰ ਯਾਦ ਕੀਤਾ। ਇਟਲੀ ਤੋਂ ਬਲਕਾਰ ਸਿੰਘ ਬੱਲ ਨੇ ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ "ਅਸੀਂ ਕਰੀਏ ਨਾ ਈਨ ਪ੍ਰਵਾਨ ਸੂਬਿਆ" ਗਾ ਕੇ ਛੋਟੇ ਸਾਹਿਬਜ਼ਾਦਿਆਂ ਦੀ ਦਲੇਰੀ ਦਾ ਵਰਨਣ ਕੀਤਾ।

ਸੁਖਮਿੰਦਰ ਸਿੰਘ ਗਿੱਲ ਕੈਲਗਰੀ ਨੇ ਸਾਜਾਂ ਨਾਲ ਦੋ ਗੀਤ "ਕੀਤੈ ਸੂਬੇ ਸਾਹਮੇਂ ਪੇਸ਼, ਫੜ ਨਿੱਕੇ ਨਿੱਕੇ ਬਾਲਾਂ ਨੂੰ" ਅਤੇ " ਹੰਝੂਆਂ ਦੇ ਦੀਵੇ ਬਾਲ ਕੇ, ਮੈਂ ਆਰਤੀ ਲਾਲਾ ਦੀ” ਗਾ ਕੇ ਛੋਟੇ ਸਾਹਿਬਜ਼ਾਦਿਆਂ ਨੂੰ ਸਿਜਦਾ ਕੀਤਾ। ਭੋਲਾ ਸਿੰਘ ਚੌਹਾਨ ਕੈਲਗਰੀ ਨੇ ਕਵੀਸ਼ਰੀ ਕਵਿਤਾਂ "ਚਰਚੇ ਇਤਿਹਾਸ ਕਰੂਗਾ, ਸਿੱਖਾਂ ਸਰਦਾਰਾਂ ਦੇ " ਚੜ੍ਹਦੀ ਕਲਾ ਵਿਚ ਸੁਣਾਈ। ਗੁਰਦੀਸ਼ ਕੌਰ ਗਰੇਵਾਲ ਨੇ ਆਪਣੀ ਗ਼ਜ਼ਲ "ਉਹ ਤਾਂ ਵੀ ਨਾ ਡੋਲੀ" ਰਦੀਫ ਨਾਲ ਸੁਣਾ ਕੇ ਮਾਤਾ ਗੁਜਰੀ ਜੀ ਦੀ ਅਡੋਲਤਾ ਦਾ ਜ਼ਿਕਰ ਕੀਤਾ। ਨੌਂ ਸਾਲਾਂ ਦੇ ਖਾਲਸਈ ਬਾਣੇ ਚ ਸਜੇ ਸਗਮ ਸਿੰਘ ਅਰੋੜਾ ਨੇ ਆਪਣੇ ਪੜਨਾਨਾ ਜੀ ਦੀ ਲਿਖੀ ਕਵਿਤਾ "ਸਬਰ ਬਨਾਮ ਜਬਰ" ਸੁਣਾਈ। ਰਹਿਤਪ੍ਰੀਤ ਕੌਰ ਟੋਰਾਂਟੋ ਨੇ "ਸੂਬੇ ਦੇ ਦਰਬਾਰ ਚ ਜਾ ਕੇ, ਗੱਜ ਕੇ ਫਤਹਿ ਬੁਲਾਇਓ" ਸੁਣਾ ਕੇ ਜੋਸ਼ ਭਰ ਦਿੱਤਾ। ਕੋਮਲਪ੍ਰੀਤ ਕੌਰ ਪਟਿਆਲਾ ਨੇ ਇੱਕ ਖੁਲ੍ਹੀ ਕਵਿਤਾਂ "13 ਪੋਹ ਦੀ ਠੰਢੀ ਸਵੇਰ" ਸੁਣਾਈ। ਵਰਨੂਰ ਕੌਰ ਅਤੇ ਸਿਦਕ ਸਿੰਘ ਗਰੇਵਾਲ ਨੇ ਛੋਟੇ ਸਾਹਿਬਜ਼ਾਦਿਆਂ ਤੇ ਕਵਿਤਾਵਾਂ ਵਿੱਚ ਸੁਣਾਈਆਂ। ਨਿੱਕੀ ਨੂਰ ਕੌਰ ਗਰੇਵਾਲ ਨੇ ਪੰਜਾਬੀ ਪੈਂਤੀ ਨੂੰ ਸਿੱਖੀ ਅੰਦਾਜ਼ ਵਿਚ ਸੁਣਾ ਕੇ ਸਭ ਦਾ ਮਨ ਮੋਹ ਲਿਆ। ਮੋਹਕਮ ਸਿੰਘ ਚੌਹਾਨ ਨੇ ਜਦੋਂ "ਸ਼ਬਦਾਂ ਦੀ ਪਕੜ ਤੋਂ ਪਰ੍ਹੇ ਪਾਤਸ਼ਾਹ" ਕਵਿਤਾ ਸੁਣਾਈ ਕੇ ਗੁਰੂ ਜੀ ਦੇ ਅਣਗਿਣਤ ਉਪਕਾਰ ਯਾਦ ਕਰਵਾਏ। ਮੇਜ਼ਬਾਨ ਦੀ ਸੇਵਾ ਗੁਰਦੀਸ਼ ਕੌਰ ਗਰੇਵਾਲ ਅਤੇ ਸੁਜਾਨ ਸਿੰਘ ਸੁਜਾਨ ਨੇ ਬਖੂਬੀ ਨਿਭਾਈ। ਅੰਤ ਤੇ ਡਾ. ਬਲਰਾਜ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

## ਅਕਾਲ ਸੈਨਾ: ਭਾਗ – 2
## ਅਗਵਾਈ, ਸਮਾਂਰੇਖਾ, ਧਰਮ ਯੁੱਧ, ਨਿਸ਼ਾਨ ਸਾਹਿਬ, ਤੇ ਵਿਰਾਸਤ

ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)

(ਇਸ ਦੇ ਕਾਰਣ, ਉਦੇਸ਼ ਤੇ ਸਥਾਪਨਾ ਬਾਰੇ, ਅਕਤੂਬਰ 2025, ਵਿਚ ਭਾਗ 1-ਪੜੋ ਜੀ)

### ਅਗਵਾਈ

ਗੁਰੂ ਸਾਹਿਬਾਨ

ਗੁਰੂ ਹਰਗੋਬਿੰਦ (1606 – 1644);
ਗੁਰੂ ਹਰਿ ਰਾਇ (1644 – 1661);
ਗੁਰੂ ਹਰਿ ਕ੍ਰਿਸ਼ਨ (1661-1664);
ਗੁਰੂ ਤੇਗ ਬਹਾਦਰ (1664 – 1675); ਗੁਰੂ ਗੋਬਿੰਦ ਸਿੰਘ (1675 – 1699)

ਉਘੇ ਜਥੇਦਾਰ

ਬਿਧੀ ਚੰਦ ਛੀਨਾ; ਭਾਈ ਗੌਰਾ; ਬਾਬਾ ਪਰਾਗਾ; ਭਾਈ ਜੱਟ; ਭਾਈ ਪੇਡਾ; ਭਾਈ ਲੰਗਾਹ; ਭਾਈ ਜਾਤੀ ਮੱਲ; ਭਾਈ ਲਖੀ; ਰਾਇ ਜੋਧ; ਬਾਬਾ ਗੁਰਦਿੱਤਾ ਜੀ; ਪੈਂਦੇ ਖਾਨ (ਬਾਅਦ ਵਿੱਚ ਮੁਗਲਾਂ ਨਾਲ ਰਲ ਗਿਆ)

ਸਮਾਂਰੇਖਾ (15 ਜੂਨ 1606 – 13 ਅਪ੍ਰੈਲ 1699)


ਸਥਾਪਨਾ: 15 ਜੂਨ 1606. ਪਹਿਲਾਂ ਪੁਲੀਸ (1606 – 1612), ਜੋ ਬਦਲ ਕੇ ਸੈਨਾ (1612 – 1699) ਬਣਾਈ ਗਈ। 1612 – ਅੰਮ੍ਰਿਤਸਰ ਵਿਖੇ ਰਣਜੀਤ ਅਖਾੜਾ। ਖਾਲਸਾ ਫੌਜ ਵਿਚ ਲੀਨਤਾ: 13 ਅਪ੍ਰੈਲ 1699 ਨੂੰ ਵਿਸਾਖੀ ਦੇ ਤਿਉਹਾਰ ਵਾਲੇ ਦਿਨ, ਅਨੰਦਪੁਰ ਵਿੱਚ ਗੁਰੂ ਗੋਬਿੰਦ ਸਿੰਘ ਦੁਆਰਾ ਰਸਮੀ ਤੌਰ 'ਤੇ ਖਾਲਸਾ ਫੌਜ ਸਥਾਪਿਤ ਕਰ ਕੇ ਅਕਾਲ ਸੈਨਾ ਨੂੰ ਇਸ ਵਿਚ ਲੀਨ ਕਰ ਦਿੱਤਾ।

### ਧਰਮ ਯੁਧਾਂ ਦਾ ਲੜੀਵਾਰ ਵੇਰਵਾ

- 1621 – ਰੋਹਿਲਾ
- 1628 ਜਾਂ 1630 ਗੋਬਿੰਦਪੁਰ (ਹਰਗੋਬਿੰਦਪੁਰ ਦੇ ਨੇੜੇ)।
- 1631 – ਮਹਿਰਾਜ।
- ਅਪ੍ਰੈਲ 1634 – ਅੰਮ੍ਰਿਤਸਰ।
- ਅਕਤੂਬਰ 1634 – ਲਹਿਰਾ।
- ਦਸੰਬਰ 1634 –ਗੁਰੂਸਰ।
- ਅਪ੍ਰੈਲ 1635 – ਕਰਤਾਰਪੁਰ।
- ਅਪ੍ਰੈਲ 1635 – ਫਗਵਾੜਾ
- 1638 – ਕੀਰਤਪੁਰ
- 1657-1661 – ਮੁਗਲ ਉਤਰਾਧਿਕਾਰ (ਦਾਰਾ ਸ਼ਿਕੋਹ ਦੀ ਰੱਖਿਆ)।
- ਫਰਵਰੀ 1669 –ਕਾਮਰੂਪ (ਅਸਾਮ) ਬਗਾਵਤ ਨੂੰ ਦਬਾਉਣ ਵਿੱਚ ਸਹਾਇਤਾ।
- 1682 – ਆਨੰਦਪੁਰ ਦੀ ਲੜਾਈ (1682)
- 1685 – ਆਨੰਦਪੁਰ ਦੀ ਲੜਾਈ (1685)
- 18 ਸਤੰਬਰ 1686 – ਭੰਗਾਣੀ ਦੀ ਲੜਾਈ
- 4 ਅਪ੍ਰੈਲ 1691 – ਨਾਦੌਣ ਦੀ ਲੜਾਈ
- 1695 – ਆਨੰਦਪੁਰ ਦੀ ਲੜਾਈ (1695)
- 1696 – ਗੁਲੇਰ ਦੀ ਲੜਾਈ



ਸਿੱਖ ਬਸੰਤੀ (ਪੀਲਾ) ਨਿਸ਼ਾਨ ਸਾਹਿਬ।





ਲਾਹੌਰ ਜ਼ਿਲ੍ਹੇ ਦੇ ਹਡਿਆਰਾ ਪਿੰਡ ਵਿੱਚ ਗੁਰਦੁਆਰਾ ਛੇਵੀਂ ਪਾਤਸ਼ਾਹੀ ਦੇ ਕੰਧ ਚਿੱਤਰਾਂ ਵਿੱਚ ਦਰਸਾਏ ਗਏ ਕੱਟੜ ਖੰਜਰ ਅਤੇ ਢਾਲ ਦਾ ਅਕਾਲ ਸੈਨਾ ਦੇ ਪੁਨਰਗਠਿਤ ਨਿਸ਼ਾਨ ਸਾਹਿਬ (ਗੁਰੂ ਹਰਗੋਬਿੰਦ ਜੀ ਦੇ ਸਮੇਂ)



ਅਕਾਲ ਸੈਨਾ ਦਾ ਇਕ ਹੋਰ ਪ੍ਰਤੀਕ

## ਵਿਰਾਸਤ

ਮੰਨਿਆ ਜਾਂਦਾ ਹੈ ਕਿ ਸਿੱਖ ਧਰਮ ਵਿਚ ਹਥਿਆਰਬੰਦ ਸੰਪਰਦਾ ਅਕਾਲ ਸੈਨਾ ਤੋਂ ਉੱਭਰੀ ਹੈ। ਬਾਅਦ ਵਿੱਚ, ਅਕਾਲ ਸੈਨਾ 10-ਵੇਂ ਗੁਰੂ ਦੇ 'ਖਾਲਸਾ ਫੌਜ' ਵਿੱਚ ਬਦਲ ਗਈ। ਅਕਾਲੀ-ਨਿਹੰਗ ਪਰੰਪਰਾ ਵੀ ਅਕਾਲ ਸੈਨਾ ਦੀ ਸਥਾਪਨਾ ਤੱਕ ਵਾਪਸ ਜਾਂਦੀ ਹੈ। ਨਿਹੰਗ ਸਿੰਘ ਆਪਣੀ ਉਤਪਤੀ 1699 ਦੇ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸਾ ਪੰਥ ਤੋਂ ਕਰਦੇ ਹਨ ਅਤੇ"ਗੁਰੂ ਦੀ ਲਾਡਲੀ ਫੌਜ" ਹੋਣ ਦਾ ਦਾਅਵਾ ਕਰਦੇ ਹਨ।

## ਸਾਰਅੰਸ਼

ਸਿੱਖ ਧਰਮ ਵਿੱਚ ਜੰਗੀ ਪਰੰਪਰਾ ਦੀਆਂ ਜੜ੍ਹਾਂ ਗੁਰੂ ਹਰਗੋਬਿੰਦ ਜੀ ਦੇ ਫੌਜੀ ਸੁਧਾਰਾਂ ਅਤੇ ਕਾਨੂੰਨਾਂ ਤੋਂ ਪਹਿਲਾਂ ਦੀਆਂ ਸਨ, ਜਿਸਨੂੰ ਮੁਗਲਾਂ ਦੇ ਜੁਲਮਾਂ ਕਾਰਣ ਸਥਾਈ ਸੈਨਾਂ ਵਿਚ ਬਦਲਿਆ ਗਿਆ। ਗੁਰੂ ਅਰਜਨ ਦੇਵ ਜੀ ਨੇ ਹਰਿਗੋਬਿੰਦ ਜੀ ਨੂੰ ਜੰਗੀ ਸਿਖਲਾਈ ਪ੍ਰਾਪਤ ਕਰਵਾਈ। ਗੁਰ ਗੱਦੀ ਵੇਲੇ ਗੁਰੂ ਹਰਿਗੋਬਿੰਦ ਜੀ ਨੇ ਮੀਰੀ ਤੇ ਪੀਰੀ ਦੀਆਂ ਤਲਵਾਰਾ ਪਹਿਨੀਆਂ। ਅਕਾਲ ਸੈਨਾ 'ਰੱਬ ਦੀ ਫੌਜ', 'ਸਦੀਵੀ ਫੌਜ' ‘ਅਕਾਲੀ ਦਲ’, 'ਅਮਰ ਬ੍ਰਿਗੇਡ' ਜਾਂ ਫੌਜ ਪਹਿਲੀ ਸਥਾਈ ਸਿੱਖ ਫੌਜ ਸੀ। ਇਹ ਪਹਿਲਾਂ ਪੁਲੀਸ (1606-1612) ਸੀ, ਫਿਰ ਸੈਨਾ (1612- 1699) ਬਣ ਗਈ। ਛੇਵੇਂ ਤੋਂ ਦਸਵੇਂ ਗੁਰੂਆਂ ਹੁਕਮਾਂ ਅਨੁਸਾਰ ਸਿੱਖ ਜਥੇਦਾਰਾਂ ਦੀ ਅਗਵਾਈ ਵਿਚ ਅਕਾਲ ਸੈਨਾ ਨੇ ਬਹੁਤ ਧਰਮ ਯੁਧ ਜਿੱਤੇ। ਅਕਾਲ ਸੈਨਾ ਨੂੰ 13 ਅਪ੍ਰੈਲ 1699 ਨੂੰ ਖਾਲਸਾ ਸਾਜਨ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਖਾਲਸਾ ਫੌਜ ਵਿੱਚ ਲੀਨ ਕਰ ਦਿੱਤਾ। ਅਕਾਲੀ-ਨਿਹੰਗ ਆਪਣੀ ਸਥਾਪਨਾ ਅਕਾਲ ਸੈਨਾ / ਖਾਲਸਾ ਫੌਜ ਦੀ ਪਰੰਪਰਾ ਦੇ ਵਾਰਸ ਵਲੋਂ ਸਮਝਦੇ ਹਨ।

## ਬਾਬਾ ਦੀਪ ਸਿੰਘ ਸ਼ਹੀਦ ਜੀਂ ਦੇ ਜਨਮ ਦਿਨ ਤੇ ਵਿਸ਼ੇਸ਼ :-

### ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਅਨੋਖੀ ਸ਼ਹਾਦਤ

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)




ਕਲਗੀ ਵਾਲਿਆ ਤੇਰੇ ਸਕੂਲ ਅੰਦਰ ਸੁਣਿਐ ਅਸਾਂ ਨੇ ਲੱਗਦੀ ਫੀਸ ਕੋਈ ਨਾ ॥ ਐਪਰ ਦੇਖਿਆ ਜਦੋਂ ਕਲਾਸ ਅੰਦਰ ਪੜ੍ਹਨ ਵਾਲਿਆਂ ਦੇ ਧੜ ਤੇ ਸੀਸ ਕੋਈ ਨਾ॥

ਕਿਸੇ ਕਵੀ ਨੇ ਗੁਰਸਿੱਖੀ ਦੇ ਸਕੂਲ ਦਾ ਬਹੁਤ ਖ਼ੂਬਸੂਰਤ ਨਕਸ਼ਾ ਉਪਰੋਕਤ ਪੰਕਤੀਆਂ ਰਾਹੀਂ ਬਿਆਨ ਕੀਤਾ ਹੈ। ਇਹ ਬਿਲਕੁਲ 100 % ਸੱਚ ਹੈ ਕਿ ਸੀਸ ਆਪਣੇ ਕੋਲ ਰੱਖ ਕੇ ਸਿੱਖ ਨਹੀਂ ਬਣਿਆ ਜਾ ਸਕਦਾ, ਹੋਰ ਕੁਝ ਵੀ ਬਣੀ ਜਾਵੋ। ਗੁਰੂ ਸਾਹਿਬ ਦੀ ਪਹਿਲੀ ਮੰਗ ਹੀ ਇਹੋ ਹੈ। ਸੀਸ ਦੀ ਮੰਗ ਹੀ ਕਿਉਂ ? ਕਿਉਂਕਿ ਇਸ ਵਿੱਚ ਹੁੰਦੇ ਹਨ ਵਿਚਾਰ, ਫੁਰਨੇ, ਹਉਮੈ। ਜਦੋਂ ਇੱਕ ਸਿੱਖ 'ਸਿੰਘ' ਬਣਦਾ ਹੈ ਤਾਂ ਉਹ ਆਪਣਾ ਸੀਸ, ਯਾਨੀ ਆਪਣੀਆਂ ਸਾਰੀਆਂ ਸੋਚਾਂ, ਆਪਣੀ ਮੈਂ ਗੁਰੂ ਨੂੰ ਅਰਪਨ ਕਰ ਦਿੰਦਾ ਹੈ।

ਉਸ ਦਿਨ ਤੋਂ ਬਾਅਦ ਉਸਦੀ ਆਪਣੀ ਜਾਤ, ਆਪਣੀ ਕੁੱਲ, ਆਪਣੀ ਮੱਤ ਸਭ ਕੁਝ ਖਤਮ ਹੋ ਜਾਂਦੀ ਹੈ ਅਤੇ ਉਹ ਅਨੰਦਪੁਰ ਦਾ ਵਾਸੀ ਹੁਣ ਸਿਰਫ ਗੁਰੂ-ਲਿਵ ਵਿੱਚ ਗੁਰੂ ਦੀ ਮੱਤ ਅਨੁਸਾਰ ਜਿਊਂਦਾ ਹੈ। "ਗੁਰਸਿਖਾਂ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ"॥(ਪੰਨਾ ੩੧੨, ਸਲੋਕ ਮ : ੪)

ਸਤਿਗੁਰੂ ਅੱਗੇ ਮਨ ਵੇਚਣ ਵਾਲੇ ਅਜਿਹੇ ਹੀ ਸਿਦਕੀ ਸਿੱਖ ਅਤੇ ਮਹਾਨ ਸੂਰਬੀਰ ਸਨ ਬਾਬਾ ਦੀਪ ਸਿੰਘ ਜੀ। ਪਿੰਡ ਪੂਹੀਵਿੰਡ ਜਿਲਾ ਤਰਨਤਾਰਨ ਵਿੱਚ ਭਾਈ ਭਗਤਾ ਜੀ ਅਤੇ ਬੀਬੀ ਜਿਊਣੀ ਜੀ ਦੇ ਘਰ 26 ਜਨਵਰੀ 1682 ਈਸਵੀ ਨੂੰ ਇੱਕ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਮ ਦੀਪਾ ਰੱਖਿਆ ਗਿਆ।

ਸੋਹਣੇ ਪਿਆਰ ਦੁਲਾਰ ਨਾਲ ਪਲਦਾ ਦੀਪਾ ਅਜੇ 17 ਸਾਲਾਂ ਦਾ ਸੀ ਜਦੋਂ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਸਾਜਣ ਦੀ ਅਨੰਦਮਈ ਖਬਰ ਚੌਂਪਾਸੀਂ ਫੈਲਦੀ ਹੋਈ ਇਸ ਪਰਿਵਾਰ ਕੋਲ ਵੀ ਪੁੱਜੀ। ਦੀਪਾ ਉਤਸ਼ਾਹ ਵਿੱਚ ਆ ਕੇ ਹੋਲੇ ਮੁਹੱਲੇ ਵਾਲੇ ਦਿਨ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਜਾ ਪੁੱਜਿਆ। ਗੁਰੂ ਜੀ ਦੇ ਦਰਬਾਰ ਵਿਚ ਉਹਨਾਂ ਦੇ ਬਚਨ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ। ਪਰਿਵਾਰ ਸਮੇਤ ਗੁਰੂ ਜੀ ਤੋਂ ਖੰਡੇ ਦੀ ਪਾਹੁਲ ਛਕੀ ਅਤੇ ਦੀਪ ਸਿੰਘ ਬਣ ਗਿਆ। ਪਰਿਵਾਰ ਵਾਪਸ ਆ ਗਿਆ ਪਰ ਦੀਪ ਸਿੰਘ ਉੱਥੇ ਹੀ ਰੁਕ ਗਿਆ। ਗੁਰੂ ਸਾਹਿਬ ਨੇ ਉਸਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਿਸ ਵਿਚ ਗੁਰਮੁਖੀ ਅਤੇ ਫ਼ਾਰਸੀ ਭਾਸ਼ਾਵਾਂ ਦੇ ਇਲਾਵਾ ਸ਼ਸ਼ਤਰ ਵਿੱਦਿਆ, ਘੋੜ ਸਵਾਰੀ ਆਦਿ ਵੀ ਸ਼ਾਮਲ ਸੀ।

ਸਰੀਰ ਦਾ ਚੁਸਤ ਗੱਭਰੂ ਇਹਨਾਂ ਕਲਾਵਾਂ ਵਿਚ ਛੇਤੀ ਪ੍ਰਪੱਕ ਹੋ ਗਿਆ। ਗੁਰੂ ਜੀ ਸ਼ਿਕਾਰ ਖੇਡਣ ਜਾਂਦੇ ਇਸ ਨੌਜਵਾਨ ਨੂੰ ਆਪਣੇ ਨਾਲ ਰੱਖਦੇ। 20 ਦਸੰਬਰ 1704 ਤੱਕ ਦੀਪ ਸਿੰਘ ਨੇ ਗੁਰਬਾਣੀ, ਸੇਵਾ, ਸਿਮਰਨ, ਕੀਰਤਨ, ਯੁੱਧ ਕਲਾ ਦੇ ਰਾਹੀਂ ਗੁਰੂ ਦੀ ਸੰਗਤ ਵਿਚ ਗੁਰਸਿੱਖੀ ਨੂੰ ਹਿਰਦੇ ਅੰਦਰ ਧਾਰਨ ਕਰ ਲਿਆ। 1704 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦਾ ਕਿਲ੍ਹਾ ਛੱਡਿਆ, ਤਾਂ ਗੁਰੂ ਕੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਦੀ ਸੇਵਾ ਦੀ ਡਿਊਟੀ ਭਾਈ ਮਨੀ ਸਿੰਘ, ਭਾਈ ਦੀਪ ਸਿੰਘ, ਭਾਈ ਧੰਨਾ ਸਿੰਘ ਅਤੇ ਭਾਈ ਜਵਾਹਰ ਸਿੰਘ ਜੀ ਦੀ ਲਗਾਈ ਸੀ। ਇਹ ਦਿੱਲੀ ਵਿਖੇ ਭਾਈ ਜਵਾਹਰ ਸਿੰਘ ਦੇ ਘਰ ਗੁਰੂ ਮਹਿਲਾਂ ਨੂੰ ਸੁਰਖਿਅਤ ਲੈ ਗਏ ਸਨ।

ਉਪਰੰਤ ਭਾਈ ਦੀਪ ਸਿੰਘ ਜੀ ਵਾਪਸ ਆਪਣੇ ਪਿੰਡ ਵਿਖੇ ਆ ਗਏ। ਗੁਰਸਿੱਖੀ ਕਮਾਉਣ ਲੱਗੇ ਅਤੇ ਅੰਮ੍ਰਿਤ ਸੰਚਾਰ ਵੀ ਕਰਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਜਦੋਂ ਗੁਰੂ ਗ੍ਰੰਥ ਸਾਹਿਬ ਸੰਪੂਰਨ ਕਰਨ ਲੱਗੇ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੀ ਸਹਾਇਤਾ ਲਈ ਭਾਈ ਦੀਪ ਸਿੰਘ ਜੀ ਨੂੰ ਬੁਲਾਉਣ ਦੀ ਸਲਾਹ ਦਿੱਤੀ ਜਿਸ ਨੂੰ ਗੁਰੂ ਸਾਹਿਬ ਨੇ ਤੁਰੰਤ ਪ੍ਰਵਾਨ ਕੀਤਾ । ਸੁਨੇਹਾ ਮਿਲਣ ਤੇ ਭਾਈ ਦੀਪ ਸਿੰਘ ਜੀ ਦਮਦਮਾ ਸਾਹਿਬ ਪੁੱਜ ਗਏ। ਅਤੇ ਕਾਗਜ਼ ਅਤੇ ਸਿਆਹੀ ਪੁਚਾਉਣ ਦੀ ਸੇਵਾ ਨਿਭਾਉਂਦੇ ਰਹੇ, ਜਦੋ ਗੁਰੂ ਜੀ ਲਿਖਾ ਰਹੇ ਸਨ ਅਤੇ ਭਾਈ ਮਨੀ ਸਿੰਘ ਜੀ ਲਿਖ ਰਹੇ ਸਨ।

ਭਾਈ ਦੀਪ ਸਿੰਘ ਜੀ ਬੀੜ ਸੰਪੂਰਨ ਹੋਣ ਤੇ ਉਸਦੇ ਚਾਰ ਉਤਾਰੇ ਕੀਤੇ ਅਤੇ 1706 ਵਿਚ ਚਾਰੇ ਤਖਤਾਂ ਨੂੰ ਭੇਜੇ। ਗੁਰੂ ਜੀ ਦੇ ਦੱਖਣ ਨੂੰ ਜਾਣ ਸਮੇਂ ਦਮਦਮਾ ਸਾਹਿਬ (ਹੁਣ ਟਕਸਾਲ) ਦੀ ਸੇਵਾ ਅਤੇ ਗੁਰਬਾਣੀ ਪ੍ਰਚਾਰ ਦਾ ਕੰਮ ਦੀਪ ਸਿੰਘ ਜੀ ਨੇ ਤਨੋ ਮਨੋ ਹੋ ਕੇ ਸੰਭਾਲਿਆ। ਦਮਦਮਾ ਸਾਹਿਬ ਵਿਖੇ ਆਪ ਜੀ ਨੇ ਸੰਗਤ ਦੀ ਲੋੜ ਅਨੁਸਾਰ ਇੱਕ ਖੂਹ ਵੀ ਲਗਵਾਇਆ, ਜੋ ਹੁਣ ਵੀ ਮੌਜੂਦ ਹੈ। ਆਪ ਜੀ ਦਾ ਇਲਾਕੇ ਦੀਆਂ ਸੰਗਤਾਂ ਬਹੁਤ ਸਤਿਕਾਰ ਕਰਨ ਲੱਗੀਆਂ।

ਗੁਰੂ ਜੀ ਨੇ ਦੱਖਣ ਤੋਂ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ ਤਾਂ ਸਿੱਖਾਂ ਨੂੰ ਹੁਕਮਨਾਮੇ ਵੀ ਭੇਜੇ ਕਿ ਉਹਨਾਂ ਦਾ ਸਾਥ ਦੇਣ। ਦੀਪ ਸਿੰਘ ਜੀ ਬੰਦਾ ਸਿੰਘ ਨਾਲ ਆ ਸ਼ਾਮਲ ਹੋਏ ਅਤੇ ਚੱਪੜਚਿੜੀ, ਸਢੌਰਾ, ਸਰਹਿੰਦ ਆਦਿ ਦੀਆਂ ਜੰਗਾਂ ਵਿਚ ਪੂਰੇ ਉਤਸ਼ਾਹ ਨਾਲ ਆਪਣੀ ਬੀਰਤਾ ਦੇ ਜੌਹਰ ਦਿਖਾਏ।

ਜਦੋਂ ਸਿਖਾਂ ਦੀਆਂ 12 ਮਿਸਲਾਂ ਬਣੀਆਂ ਤਾਂ ਮਿਸਲ ਸ਼ਹੀਦਾਂ ਦੇ ਮੁਖੀ ਦੀਪ ਸਿੰਘ ਜੀ ਨੂੰ ਥਾਪਿਆ ਗਿਆ। ਸਤਾਰਵੀਂ ਸਦੀ ਵਿਚ ਜਦੋਂ ਅਹਿਮਦ ਸ਼ਾਹ ਦੁਰਾਨੀ ਪੰਜਾਬ ਲੁੱਟ ਕੇ ਵਾਪਸ ਜਾ ਰਿਹਾ ਸੀ ਤਾਂ ਬਾਕੀ ਮਿਸਲਾਂ ਦੇ ਜਥਿਆਂ ਸਮੇਤ ਅਫਗਾਨ ਧਾੜਵੀਆਂ ਤੋਂ ਭਾਰਤੀ ਬਹੂ ਬੇਟੀਆਂ ਨੂੰ ਛੁਡਵਾਇਆ ਅਤੇ ਲੁੱਟ ਦਾ ਮਾਲ ਵਾਪਸ ਕਰਵਾਇਆ। 9 ਜੂਨ 1716 ਨੂੰ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਕੌਮ ਦੋ ਧੜਿਆਂ ਵਿੱਚ ਵੰਡੀ ਗਈ, ਬੰਦਈ ਖਾਲਸਾ ਅਤੇ ਤੱਤ ਖਾਲਸਾ, ਜਿਸ ਦਾ ਨਿਬੇੜਾ ਭਾਈ ਮਨੀ ਸਿੰਘ ਜੀ ਨੇ ਪਰਚੀਆਂ ਪਾ ਕੇ ਕਰਵਾ ਦਿੱਤਾ ਸੀ। ਉਸ ਸਮੇਂ ਭਾਈ ਦੀਪ ਸਿੰਘ ਜੀ ਦਾ ਸਹਿਯੋਗ ਭਾਈ ਮਨੀ ਸਿੰਘ ਜੀ ਨੂੰ ਮਿਲਿਆ ।

ਭਾਈ ਮਨੀ ਸਿੰਘ ਜੀ ਨੂੰ 1737 ਵਿਚ ਲਾਹੌਰ ਵਿਚ ਸ਼ਹੀਦ ਕਰ ਦਿੱਤਾ ਗਿਆ। ਜ਼ਕਰੀਆ ਖਾਂ ਨੇ ਪੰਥ ਵਿਰੋਧੀ ਜੁੰਡਲੀ ਤਿਆਰ ਕਰ ਰੱਖੀ ਸੀ ਜਿਸ ਵਿਚ ਕਰਮਾਂ ਛੀਨਾ, ਚੌਧਰੀ ਨੌਸ਼ਹਿਰਾ ਪੰਨੂੰਆਂ, ਚੌਧਰੀ ਮਜੀਠੀਆ, ਹਰਿਭਗਤ ਨਿਰੰਜਨੀਆ, ਰਾਮਾ ਰੰਧਾਵਾ ਅਤੇ ਮੱਸਾ ਰੰਘੜ ਸਨ। ਮੱਸਾ ਰੰਘੜ ਨੂੰ ਹਰਿਮੰਦਰ ਸਾਹਿਬ ਦਾ ਕਾਰ ਮੁਖਤਾਰ ਨਿਯੁਕਤ ਕਰ ਦਿੱਤਾ ਗਿਆ। ਉਸਨੇ ਦਰਬਾਰ ਸਾਹਿਬ ਵਿੱਚ ਬੈਠ ਕੇ ਹੁੱਕਾ ਪੀਣ ਅਤੇ ਕੰਜਰੀਆਂ ਨਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਪਤਾ ਲੱਗਣ ਤੇ ਦੀਪ ਸਿੰਘ ਜੀ ਨੇ ਇਕੱਠ ਨੂੰ ਪੁੱਛਿਆ ਕਿ ਮੱਸੇ ਰੰਘੜ ਦਾ ਸਿਰ ਕੌਣ ਵੱਢ ਕੇ ਲਿਆਏਗਾ ? ਸਿੰਘ ਦੀ ਦਹਾੜ ਸੁਣ ਕੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਇਹ ਜਿੰਮੇਵਾਰੀ ਚੁੱਕੀ ਅਤੇ ਗੁਰੂ ਦੀ ਓਟ ਲੈ ਕੇ ਸਫਲਤਾ ਪੂਰਵਕ ਸੀਸ ਵੱਢ ਕੇ ਦੀਪ ਸਿੰਘ ਸਾਹਮਣੇ ਪੇਸ਼ ਕਰ ਦਿਖਾਇਆ।

ਜਰਨੈਲ ਜੱਸਾ ਸਿੰਘ ਆਹਲੂਵਾਲੀਏ ਦੇ ਆਦੇਸ਼ ਤੇ ਬਾਕੀ ਮਿਸਲਾਂ ਦੇ ਨਾਲ ਮਿਲ ਕੇ ਅਦੀਨਾ ਬੇਗ ਨੂੰ ਸੋਧਿਆ ਅਤੇ ਜਿੱਤਿਆ ਇਲਾਕਾ ਜੱਸਾ ਸਿੰਘ ਆਹਲੂਵਾਲੀਆ ਦੇ ਹਵਾਲੇ ਕਰ ਦਿੱਤਾ। ਅਹਿਮਦ ਸ਼ਾਹ ਦੁਰਾਨੀ ਨੇ ਪੁਛਿਆ ਕਿ ਇਹ ਕੌਣ ਹਨ ਜੋ ਮੇਰੀਆਂ ਫੌਜਾਂ ਨੂੰ ਲੁੱਟ ਰਹੇ ਹਨ। ਇੱਕ ਕਾਜੀ ਨੇ ਜਵਾਬ ਦਿੱਤਾ ਕਿ ਇਹਨਾਂ ਦੇ ਗੁਰੂ ਨੇ ਬੜੀ ਕਮਾਲ ਦੀ ਚੀਜ ਅੰਮ੍ਰਿਤ ਪਿਲਾਈ ਹੈ ਇਹਨਾਂ ਨੂੰ ਜਿਸ ਨਾਲ ਇਹ ਬਲਵਾਨ ਬਣ ਜਾਂਦੇ ਹਨ। ਇੱਕ ਥਾਂ ਨਹੀਂ ਟਿਕਦੇ, ਬੈਠਦੇ ਹੀ ਸੌਂਦੇ ਨੇ ਅਤੇ ਚੱਲਦੇ ਚੱਲਦੇ ਖਾਂਦੇ ਹਨ।

ਵਲੀ ਇਨਕਾ ਅਜਬ ਭਯੋ ਹੈ॥ ਇਨਕੋ ਆਬੇ ਹਯਾਤ ਦਯੋ ਹੈ॥ ਗਜ਼ਬ ਅਸਰ ਤਿਸਕਾ ਹਮ ਦੇਖਾ॥ ਬੁਜ਼ਦਿਲ ਹੋਵਤ ਸਿੰਘ ਬਿਸੇਖਾ॥ ਹਾੜ ਨ ਦਿਨ ਭਰ ਪੀਵਹਿ ਪਾਣੀ॥ ਸਿਆਲ ਨ ਰਾਖਹਿ ਅਗਨ ਨੀਸਾਣੀ॥ ਬੈਠਤ ਸੋਵਹਿ ਚਲਤੇ ਖਾਵਹਿ॥ ਗ੍ਰਾਮ ਕਿਸੀ ਮਹਿ ਟਿਕਣ ਨ ਪਾਵਹਿ॥

(ਪੰਥ ਪ੍ਰਕਾਸ਼ -ਗਿਆਨੀ ਗਿਆਨ ਸਿੰਘ ਜੀ)

ਅਹਿਮਦ ਸ਼ਾਹ ਦੇ ਆਖਣ ਤੇ ਉਸਦੇ ਪੁੱਤਰ ਤੈਮੂਰ ਸ਼ਾਹ ਨੇ ਸਖਤੀ ਵਧਾ ਦਿੱਤੀ। ਹਰਿਮੰਦਰ ਸਾਹਿਬ ਦਾ ਸਰੋਵਰ ਆਪਣੇ ਜਰਨੈਲ ਜਹਾਨ ਖਾਂ ਰਾਹੀਂ ਪੂਰ ਦਿੱਤਾ। ਭਾਗ ਸਿੰਘ ਨੇ ਦੀਪ ਸਿੰਘ ਜੀ ਨੂੰ ਖ਼ਬਰ ਕੀਤੀ। ਤਾਂ ਉਹਨਾਂ ਇੱਕਦਮ ਦਰਬਾਰ ਸਾਹਿਬ ਦੀ ਰਾਖੀ ਲਈ ਚਾਲੇ ਪਾ ਦਿੱਤੇ। ਪਹਿਲਾਂ ਉਹਨਾਂ ਦੇ ਨਾਲ 5,000 ਸਿੰਘ ਹੋ ਗਏ ਜੋ ਹੋਰ ਅੱਗੇ ਚੱਲ ਕੇ 10,000 ਤੱਕ ਹੋ ਗਏ। ਜਹਾਨ ਖਾਂ ਗੋਹਲਵੜੀ ਦੀ ਥੇਹ ਤੇ ਬੈਠਾ ਸੀ। ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚ ਕੇ ਕਿਹਾ ਕਿ ਸਿਰਫ ਸ਼ਹੀਦੀ ਲਈ ਤਿਆਰ ਹੀ ਅੱਗੇ ਆਉਣ, ਬਾਕੀ ਵਾਪਸ ਜਾ ਸਕਦੇ ਹਨ।

ਸਾਰੇ ਦੇ ਸਾਰੇ ਸਿੰਘ ਲਕੀਰ ਟੱਪ ਆਏ। ਦੀਪ ਸਿੰਘ ਜੀ ਨੇ ਬਕਾਇਦਾ ਅਰਦਾਸ ਕੀਤੀ ਕਿ ਪਾਤਸ਼ਾਹ ਸ਼ਹੀਦੀ ਬੇਸ਼ਕ ਮਿਲੇ ਪਰ ਹਰਿਮੰਦਿਰ ਸਾਹਿਬ ਆਜ਼ਾਦ ਹੋਵੇ। ਜਹਾਨ ਖਾਂ ਹਾਥੀ ਤੇ ਅੱਗੇ ਵਧਿਆ ਤਾਂ ਉਸਨੂੰ ਦਿਆਲ ਸਿੰਘ ਦੇ ਤੀਰ ਨੇ ਪਾਰ ਬੁਲਾਇਆ। ਉਸ ਤੋਂ ਬਾਅਦ ਜਬਰਦਸਤ ਖਾਂ ਅੱਗੇ ਆਇਆ ਜਿਸ ਨੂੰ ਬਲਵੰਤ ਸਿੰਘ ਨੇ ਮਾਰ ਮੁਕਾਇਆ। ਫੇਰ ਰੁਸਤਮ ਖਾਂ ਅੱਗੇ ਆਇਆ ਜਿਸ ਦਾ ਮੁਕਾਬਲਾ ਫੇਰ ਬਲਵੰਤ ਸਿੰਘ ਨਾਲ ਆਹਮੋ ਸਾਹਮਣੇ ਹੋਇਆ। ਦੋਵੇਂ ਇੱਕ ਦੂਜੇ ਦੇ ਤਲਵਾਰਾਂ ਮਾਰ ਕੇ ਮਰ ਗਏ। ਦੀਪ ਸਿੰਘ ਜੀ ਨੇ ਸਾਰੀ ਸੈਨਾ ਨੂੰ ਤਿੰਨ ਜੱਥਿਆ ਵਿਚ ਵੰਡ ਦਿੱਤਾ। ਸੱਜੇ ਪਾਸੇ ਦੀ ਕਮਾਨ ਗੁਰਬਖਸ਼ ਸਿੰਘ ਕੋਲ, ਵਿਚਕਾਰਲੇ ਜੱਥੇ ਦੀ ਕਮਾਨ ਨੌਧ ਸਿੰਘ ਕੋਲ ਅਤੇ ਖੱਬੇ ਪਾਸੇ ਖੁਦ ਦੀਪ ਸਿੰਘ ਜੀ ਆਪ ਹੋ ਗਏ। ਜਮਾਲ ਖਾਂ ਆਪਣੀ ਸੈਨਾ ਨੂੰ ਲਲਕਾਰੇ ਮਾਰ ਰਿਹਾ ਸੀ ਕਿ ਸ਼ਹੀਦ ਹੋਣ ਵਾਲਿਆਂ ਨੂੰ ਹੂਰਾਂ ਮਿਲਣਗੀਆਂ ਆਦਿ। ਦੀਪ ਸਿੰਘ ਜੀ ਨੇ ਉਸ ਵੱਲ ਚੱਕਰ ਸੁੱਟਿਆ ਜਿਸ ਨਾਲ ਉਸਦਾ ਘੋੜਾ ਜਖਮੀ ਹੋ ਕੇ ਡਿੱਗ ਪਿਆ। ਦੀਪ ਸਿੰਘ ਜੀ ਦੀ ਗਰਦਨ ਤੇ ਫੱਟ ਵੱਜਿਆ ਤੇ ਗਰਦਨ ਲਮਕ ਗਈ। ਜਦੋ ਕਿਸੇ ਨੇ ਕੋਲੋਂ ਕਿਹਾ ਕਿ ਤੁਸੀਂ ਪਰਿਕਰਮਾ ਵਿਚ ਪੁੱਜਣ ਦੀ ਅਰਦਾਸ ਕੀਤੀ ਹੈ, ਉਹਨਾਂ ਖੱਬੇ ਹੱਥ ਨਾਲ ਗਰਦਨ ਸੰਭਾਲੀ ਅਤੇ ਸੱਜੇ ਹੱਥ ਨਾਲ 18 ਸੇਰ ਦੇ ਦੋਧਾਰੀ ਖੰਡੇ ਨਾਲ ਲੜਨਾ ਜਾਰੀ ਰੱਖਿਆ। ਉਹਨਾਂ ਦਾ ਸੀਸ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਡਿੱਗਿਆ, ਅਰਦਾਸ ਪੂਰੀ ਹੋਈ ਅਤੇ ਸ਼ਹੀਦੀ ਪ੍ਰਾਪਤ ਕੀਤੀ। ਇਹ ਸ਼ਹੀਦੀ 13 ਨਵੰਬਰ 1757 ਨੂੰ ਹੋਈ ਜਿਸ ਸਮੇਂ ਉਹਨਾਂ ਦੀ ਉਮਰ 75 ਸਾਲ ਦੀ ਸੀ। ਪਰਿਕਰਮਾ ਵਿਚ ਜਿਸ ਥਾਂ ਸ਼ਹੀਦੀ ਪ੍ਰਾਪਤ ਕੀਤੀ, ਉੱਥੇ ਗੁਰਦੁਆਰਾ ਸ਼ਹੀਦ ਬੁੰਗਾ ਬਣਿਆ ਅਤੇ ਉਹ ਖੰਡਾ ਅਕਾਲ ਤਖਤ ਸਾਹਿਬ ਵਿਚ ਸੰਭਾਲਿਆ ਹੋਇਆ ਹੈ ਅਤੇ ਰੋਜ਼ਾਨਾ ਸ਼ਾਮ ਨੂੰ ਸੰਗਤਾਂ ਨੂੰ ਉਸਦੇ ਦਰਸ਼ਨ ਕਰਵਾਏ ਜਾਂਦੇ ਹਨ।

## ਕੀ ਇਕੱਲਾ ਧੜ ਲੜਾਈ ਕਰ ਸਕਦਾ ਹੈ ?

ਸਾਡਾ ਦੁਖਾਂਤ ਹੈ ਕਿ ਸਾਡੇ ਸ਼ਾਨਾਮੱਤੇ ਇਤਿਹਾਸ ਨੂੰ ਕੁਝ ਅਗਿਆਨਤਾ ਵੱਸ, ਕੁਝ ਸ਼ਰਧਾ ਵੱਸ, ਅਤੇ ਕੁਝ ਸਾਜਿਸ਼ਾਂ ਤਹਿਤ ਤੋੜਿਆ ਮਰੋੜਿਆ ਜਾ ਰਿਹਾ ਹੈ। ਉਸ ਵਿਚ ਕਰਾਮਾਤੀ ਅੰਸ਼ ਭਾਰੂ ਹੋ ਰਹੇ ਹਨ, ਜਦਕਿ ਗੁਰਬਾਣੀ ਅਤੇ ਗੁਰਮਤਿ ਸਿਧਾਂਤ ਕਰਾਮਾਤ ਦੇ ਪੂਰਨ ਵਿਰੁੱਧੀ ਹਨ। ਜਿਸ ਢੰਗ ਨਾਲ ਪ੍ਰਚਾਰਿਆ ਜਾਂਦਾ ਹੈ ਕਿ ਸੀਸ ਧੜ ਤੋਂ ਅਲੱਗ ਹੋ ਗਿਆ ਅਤੇ ਦੀਪ ਸਿੰਘ ਜੀ ਕੱਟੇ ਹੋਏ ਸੀਸ ਨੂੰ ਖੱਬੇ ਹੱਥ ਤੇ ਰੱਖ ਕੇ ਲੜ ਰਹੇ ਸਨ, ਵਿਗਿਆਨਕ ਪੱਖ ਤੋਂ ਸੰਭਵ ਹੀ ਨਹੀਂ। ਸੀਸ ਜੇ ਪੂਰਾ ਕੱਟਿਆ ਜਾਵੇ, ਤਾਂ ਕੁਝ ਸਕਿੰਟਾਂ ਵਿੱਚ ਹੀ ਇਨਸਾਨ ਪੂਰਾ ਹੋ ਜਾਏਗਾ। ਗੁਰਦੁਆਰਾ ਬਾਬਾ ਦੀਪ ਸਿੰਘ, ਜਿੱਥੇ ਸੀਸ ਕੱਟਿਆ ਗਿਆ, ਤੋਂ ਦਰਬਾਰ ਸਾਹਿਬ ਦੀ ਪਰਿਕਰਮਾ ਦੀ ਦੂਰੀ, ਲਗਭਗ 1.4 ਕਿਲੋਮੀਟਰ ਹੈ। ਤੇਜ ਚਾਲ ਵਾਲੇ ਪੈਦਲ ਸਵਾਰ ਲਈ ਵੀ 10 ਤੋਂ 12 ਮਿਨਟ ਦਾ ਸਮਾਂ ਚਾਹੀਦਾ ਹੈ। ਉਸ ਸਮੇਂ ਉਹਨਾਂ ਕੋਲ ਘੋੜਾ ਨਹੀਂ ਸੀ। ਇੰਨਾਂ ਰਸਤਾ ਬਿਨਾਂ ਸੀਸ ਤੋਂ ਲੜਦੇ ਅੱਗੇ ਵਧਣਾ ਸੰਭਵ ਨਹੀਂ ਹੈ। ਇਸ ਨੂੰ ਪ੍ਰਤੀਕਾਤਮਕ ਅੰਦਾਜ ਵਿਚ ਆਖਿਆ ਕਿਹਾ ਜਾ ਸਕਦਾ ਹੈ। ਹੋ ਸਕਦਾ ਹੈ ਕਿ ਕਿਸੇ ਕਲਾਕਾਰ ਵਲੋਂ ਖੱਬੇ ਹੱਥ ਸੀਸ ਤੇ ਸੱਜੇ ਹੱਥ ਖੰਡੇ ਵਾਲੀ ਤਸਵੀਰ ਬਣਾਉਣ ਤੋਂ ਬਾਅਦ ਇਹ ਗੱਲ ਵਧੇਰੇ ਪ੍ਰਚੱਲਿਤ ਹੋਈ ਹੋਵੇ।


ਕਾਲਪਨਿਕ ਤਸਵੀਰਾਂ ਨੂੰ ਸੱਚ ਮੰਨਣ ਨਾਲ ਹੋਰ ਵੀ ਬਹੁਤ ਥਾਵਾਂ ਤੇ ਇਤਿਹਾਸ ਦੀ ਗਲਤ ਵਿਆਖਿਆ ਹੋ ਰਹੀ ਹੈ। ਕੁਝ ਪੁਰਾਤਨ ਸਰੋਤਾਂ ਵਿਚੋਂ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਕਵੀ ਸੰਤੋਖ ਸਿੰਘ (1843) ਰਾਮ ਰਾਉਣੀ ਵਾਲੀ ਲੜਾਈ ਦਾ ਜਿਕਰ ਕਰਦੇ ਹੋਏ ਉਹਨਾਂ ਦੀ ਬਹਾਦਰੀ ਅਤੇ ਸ਼ਹੀਦੀ ਦਾ ਜਿਕਰ ਕਰਦੇ ਹਨ, ਪਰ ਪੂਰਾ ਸੀਸ ਕੱਟਣ ਦੀ ਗੱਲ ਨਹੀਂ ਕਰਦੇ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਰਤਨ ਸਿੰਘ ਭੰਗੂ (1810-41) ਲਿਖਦੇ ਹਨ - ਚੱਬਾ ਪਿੰਡ ਵਿਚ ਪੁੱਜ ਕੇ ਅੱਤਲ ਖਾਂ ਨੇ ਬਾਬਾ ਦੀਪ ਸਿੰਘ ਜੀ ਨੂੰ ਗਰਦਨ ਤੇ ਵਾਰ ਕੀਤਾ ਜਿਸ ਨਾਲ ਉਹਨਾਂ ਦਾ ਸਿਰ ਇੱਕ ਪਾਸੇ ਝੁਕ ਗਿਆ। ਇੱਕ ਸਿੱਖ ਨੇ ਯਾਦ ਦਿਵਾਇਆ, "ਤੁਸੀਂ ਸਰੋਵਰ ਦੀ ਹੱਦ ਤੱਕ ਪਹੁੰਚਣ ਦਾ ਸੰਕਲਪ ਕੀਤਾ ਸੀ।" ਇਸ ਸੁਣ ਕੇ ਬਾਬਾ ਜੀ ਨੇ ਖੱਬੇ ਹੱਥ ਨਾਲ ਸਿਰ ਨੂੰ ਸਹਾਰਾ ਦਿੱਤਾ ਅਤੇ ਸੱਜੇ ਹੱਥ ਨਾਲ ਦੋਧਾਰੀ ਖੰਡੇ ਨਾਲ ਦੁਸ਼ਮਣਾਂ ਨੂੰ ਹਟਾਉਂਦੇ ਹੋਏ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੱਕ ਪਹੁੰਚੇ ਅਤੇ ਉੱਥੇ ਪ੍ਰਾਣ ਤਿਆਗੇ।" ਉਪਰੋਕਤ ਵਾਰਤਾ ਵਿਚ ਪੂਰਾ ਸੀਸ ਕੱਟਣ ਦਾ ਜਿਕਰ ਨਹੀਂ, ਸਗੋਂ ਗਰਦਨ ਤੇ ਗੰਭੀਰ ਚੋਟ ਦਰਸਾਉਂਦਾ ਹੈ। ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼ ਇਸ ਨਾਲ ਮਿਲਦਾ ਜੁਲਦਾ ਹੈ। ਸ਼ਹੀਦ ਬਿਲਾਸ ਬਾਬਾ ਦੀਪ ਸਿੰਘ ਜੀ (ਗਿਆਨੀ ਠਾਕੁਰ ਸਿੰਘ, 1904) ਵਿਚ ਬਾਬਾ ਦੀਪ ਸਿੰਘ ਜੀ ਨੂੰ ਲੜਦੇ ਹੋਏ ਸ਼ਹੀਦ ਹੁੰਦਾ ਦਿਖਾਇਆ ਹੈ ਪਰ ਚਮਤਕਾਰੀ ਢੰਗ ਨਾਲ ਸੀਸ ਹੱਥ ਤੇ ਚੁੱਕੇ ਦਾ ਵੇਰਵਾ ਘੱਟ ਜੋਰ ਨਾਲ ਹੈ, ਵਧੇਰੇ ਧਿਆਨ ਬਹਾਦਰੀ ਵੱਲ ਹੈ।

ਪੁਸਤਕ ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਜੀ (ਕ੍ਰਿਤ ਭਾਈ ਨਿਰੰਜਨ ਸਿੰਘ ਹੈਡ ਗ੍ਰੰਥੀ ਦਰਬਾਰ ਸਾਹਿਬ) ਅਤੇ ਇਸਤੇ ਅਧਾਰਿਤ ਮੁਖਤਾਰ ਸਿੰਘ ਗੋਰਾਇਆ ਵਲੋਂ ਪਿੰਗਲਵਾੜਾ ਲਈ ਛਾਪੇ ਗਏ ਟ੍ਰੈਕਟ ਵਿਚ ਪੂਰਾ ਸੀਸ ਕੱਟੇ ਜਾਣ ਦਾ ਜਿਕਰ ਹੈ। ਬਾਬਾ ਜੀ ਦਾ ਸਿਰ ਲੱਥਾ ਵੇਖ ਕੇ ਇਕ ਸਿੰਘ ਨੇ ਆਖਿਆ - ਤੁਸੀਂ ਅਰਦਾਸ ਕੀਤੀ ਸੀ ਕਿ ਸੀਸ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਧਰਨਾ ਹੈ। ਲੱਥੇ ਹੋਏ ਸੀਸ ਵਿਚੋਂ ਆਵਾਜ ਆਈ ਕਿ ਸਿੰਘ ਦਾ ਪ੍ਰਣ ਤੋੜ ਨਿਭੇਗਾ। ਧੜ ਹਿੱਲਿਆ, ਖੰਡਾ ਹੱਥ ਵਿਚ ਸੀ। ਬਾਬਾ ਜੀ ਖੜ੍ਹੇ ਹੋ ਗਏ। ਸੀਸ ਖੱਬੀ ਤਲੀ ਤੇ ਰੱਖ ਲਿਆ ਸੱਜੇ ਹੱਥ ਨਾਲ ਖੰਡੇ ਨਾਲ ਐਸੀ ਵਾਢੀ ਪਾਈ ਕਿ ਗਿਲਜੇ ਤੋਬਾ ਤੋਬਾ ਕਰਦੇ ਮੈਦਾਨ ਛੱਡ ਕੇ ਭੱਜ ਤੁਰੇ। ਬਾਬਾ ਜੀ ਨੇ ਰਾਮਸਰ ਤੋਂ ਅੱਗੇ ਲੰਘ ਸੁਧਾਸਰ ਦੀਆਂ ਪਰਕਰਮਾ ਵਿਚ ਸਤਿਗੁਰੂ ਰਾਮਦਾਸ ਜੀ ਦੀ ਹਜ਼ੂਰੀ ਵਿੱਚ ਸੀਸ ਭੇਟ ਰੱਖੀ। ਇਤਿਹਾਸਕਾਰਾਂ ਡਾ ਗੰਡਾ ਸਿੰਘ, ਖੁਸ਼ਵੰਤ ਸਿੰਘ, ਪ੍ਰਿੰ ਸਤਬੀਰ ਸਿੰਘ ਆਦਿ ਸ਼ਹੀਦ ਦੀਪ ਸਿੰਘ ਜੀ ਦੇ ਸਿਦਕ ਅਤੇ ਬਹਾਦਰੀ ਦੀ ਗੱਲ ਕਰਦੇ ਹਨ, ਪਰ ਸੀਸ ਹੱਥ ਤੇ ਰੱਖਣ ਦੀ ਗੱਲ ਨੂੰ ਸਿਰਫ ਰੂਪਕ ਤੌਰ ਤੇ ਸੀਸ ਭੇਟ ਕਰਨ ਦੇ ਅੰਦਾਜ਼ ਵਿੱਚ ਹੀ ਲਿਆ ਹੈ। ਅਸਲੀ ਇਤਿਹਾਸਕ ਪੱਖ ਦੇ ਤੌਰ ਤੇ ਨਹੀਂ। ਵੱਖ ਵੱਖ ਲਿਖਾਰੀਆਂ ਅਤੇ ਵਿਦਵਾਨਾਂ ਨੇ ਆਪੋ ਆਪਣੇ ਅੰਦਾਜ ਵਿਚ ਇਸਦੀ ਵਿਆਖਿਆ ਕੀਤੀ ਹੈ। ਜਿਸ ਥਾਂ ਪਰਕਰਮਾ ਵਿਚ ਸੀਸ ਡਿੱਗਿਆ ਸੀ, ਉੱਥੇ ਸ਼੍ਰੋਮਣੀ ਕਮੇਟੀ ਵਲੋਂ ਲਿਖਵਾਏ ਗਏ ਇਤਿਹਾਸ ਵਿੱਚ ਵੀ ਪੂਰਾ ਸੀਸ ਕੱਟਿਆ ਜਾਣਾ ਅਤੇ ਹੱਥ ਤੇ ਰੱਖ ਕੇ ਲੜੇ ਜਾਣਾ ਲਿਖਿਆ ਹੈ।

ਸਾਡੇ ਇਤਿਹਾਸ ਨੂੰ ਵਿਗਿਆਨਕ ਅੰਦਾਜ ਵਿੱਚ ਪਹਿਲੀ ਗੱਲ ਕਿਸੇ ਨੇ ਲਿਖਿਆ ਹੀ ਨਹੀਂ, ਜੇ ਕੋਈ ਕੋਸ਼ਿਸ਼ ਕਰੇਗਾ ਵੀ ਤਾਂ ਸ਼ਰਧਾਲੂਆਂ ਨੇ ਉਸਦੀ ਮੰਨਣੀ ਨਹੀਂ, ਭਰਵਾਂ ਵਿਰੋਧ ਹੋਏਗਾ। ਸਿੱਖ ਕੌਮ ਦੇ ਇਹ ਏਜੰਡੇ ਵਿਚ ਹੀ ਨਹੀਂ ਕਿ ਇਤਿਹਾਸ ਨੂੰ ਵਧੀਆ ਢੰਗ ਨਾਲ ਲਿਖਾ ਕੇ ਸੰਭਾਲਿਆ ਜਾਵੇ। ਸਗੋਂ ਵਿਰੋਧੀਆਂ ਦੇ ਵੰਡ ਪਾਊ ਏਜੰਡੇ ਦਾ ਸ਼ਿਕਾਰ ਹੋ ਕੇ ਸਿੱਖ ਇੱਕ ਦੂਜੇ ਨਾਲ ਬਹੁਤ ਛੋਟੇ ਮਸਲੇ ਤੇ ਲੜਨ ਮਰਨ ਲਈ ਤਿਆਰ ਹੋ ਜਾਂਦੇ ਹਨ। ਗੁਰਮਤਿ ਤਾਂ ਹਰੇਕ ਸਿੱਖ ਤੋਂ ਸੀਸ ਮੰਗਦੀ ਹੈ। ਗੁਰੂ ਨਾਨਕ ਨੇ ਆਖਿਆ ਸੀ - ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨, ਸਲੋਕ ਵਾਰਾਂ ਤੇ ਵਧੀਕ ॥ਮਹਲਾ ੧)

ਇਸੇ ਤਰਾਂ ਇੱਕ ਹੋਰ ਥਾਂ ਫੁਰਮਾਨ ਹੈ "ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥(ਪੰਨਾ ੧੧੧੪, ਤੁਖਾਰੀ ਛੰਤ ਮਹਲਾ ੪)। ਸਿੱਖੀ ਹੈ ਹੀ ਪ੍ਰੇਮ ਦੀ ਖੇਡ। ਇੱਥੇ ਪਹਿਲਾਂ ਮਰਨਾ ਕਬੂਲ ਕਰਨ ਦਾ ਹੁਕਮ ਹੈ। ਸਤਿਗੁਰੂ ਨਾਲ ਪ੍ਰੇਮ ਹੋਣ ਤੇ ਇੱਕ ਸਿੱਖ ਆਪਣੇ ਪਰਿਵਾਰ, ਧਨ ਦੌਲਤ, ਅਤੇ ਇੱਥੋਂ ਤੱਕ ਕਿ ਆਪਣੇ ਸਰੀਰ ਦਾ ਵੀ ਮੋਹ ਨਹੀਂ ਕਰਦਾ। ਉਸਨੂੰ ਆਪਣਾ ਸਰੀਰ ਭੇਟ ਕਰਕੇ ਗੁਰੂ ਦੀ ਖੁਸ਼ੀ ਮਿਲਣੀ ਬਹੁਤ ਸਸਤਾ ਸੌਦਾ ਲੱਗਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਦੀਪ ਸਿੰਘ ਜੀ ਦੀ ਬਹਾਦਰੀ ਦੇਖ ਕੇ ਉਹਨਾਂ ਨੂੰ ਜਿੰਦਾ ਸ਼ਹੀਦ ਦਾ ਰੁਤਬਾ ਵੀ ਦਿੱਤਾ ਸੀ।

ਲੋੜ ਹੈ ਅਸੀਂ ਸ਼ਹੀਦਾਂ ਦਾ ਸਤਿਕਾਰ ਕਰੀਏ ਅਤੇ ਉਹਨਾਂ ਤੋਂ ਗੁਰੂ ਪ੍ਰਤੀ ਪ੍ਰੇਮ ਅਤੇ ਸਿਦਕ ਰੱਖਣਾ ਸਿੱਖੀਏ। ਉਹਨਾਂ ਨਾਲ ਬੇਲੋੜੀਆਂ ਕਰਾਮਾਤਾਂ ਨਾ ਜੋੜੀਏ ਅਤੇ ਹੋ ਰਹੇ ਕਰਮ ਕਾਂਡ ਬੰਦ ਕਰੀਏ। ਸ਼ਹੀਦਾਂ ਦਾ ਸਤਿਕਾਰ ਕਰਨਾ ਮੁਬਾਰਕ ਹੈ, ਜਰੂਰ ਕਰਨਾ ਚਾਹੀਦਾ ਹੈ। ਪਰ ਅੱਜ ਜੋ ਹੋ ਰਿਹਾ ਹੈ, ਉਸ ਵਿੱਚ ਸਿੱਖੀ ਦੀ ਰੂਹ ਹੀ ਨਜਰ ਨਹੀਂ ਆ ਰਹੀ। ਕੁਝ ਸ਼ਰਧਾਲੂ ਉਹਨਾਂ ਨੂੰ ਗੁਰੂ ਸਾਹਿਬਾਨ ਤੋਂ ਵੀ ਵਧੇਰੇ ਸਤਿਕਾਰ ਦੇਣ ਲੱਗ ਪਏ ਹਨ। ਉਹਨਾਂ ਦੇ ਨਾਮ ਤੇ ਬਣੀਆਂ ਥਾਵਾਂ ਤੇ ਗੁਰਦੁਆਰਿਆਂ ਨੂੰ ਇੱਛਾ ਪੂਰੀਆਂ ਕਰਨ ਵਾਲਾ ਸਥਾਨ ਪ੍ਰਚਾਰ ਕੇ ਸੰਗਤਾਂ ਦੇ ਇੱਕਠ ਹੋ ਰਹੇ ਹਨ। ਕੋਈ ਸ਼ਹੀਦਾਂ ਦੇ ਪਹਿਰੇ ਬਾਬਤ ਗੱਲ ਕਰਦਾ ਹੈ। ਅਤੇ ਕੁਝ ਸਮੇਂ ਤੋਂ ਇੱਕ ਨਵੀਂ ਪਿਰਤ ਚੌਪਹਿਰੇ ਦੀ ਸ਼ੁਰੂ ਹੋ ਗਈ ਹੈ। ਬਾਣੀ ਜਿੰਨੀ ਮਰਜ਼ੀ ਪੜ੍ਹੋ, ਜਿਹੜੀ ਮਰਜੀ ਅਤੇ ਜਿਹੜੇ ਮਰਜੀ ਸਮੇਂ ਪੜ੍ਹੋ, ਕੋਈ ਇਤਰਾਜ ਨਹੀਂ। ਖੁਸ਼ੀ ਅਤੇ ਸੰਤੁਸ਼ਟੀ ਦੀ ਗੱਲ ਹੈ ਪਰ ਉਸ ਨਾਲ ਆਪਣੀਆਂ ਦੁਨਿਆਵੀ ਮੰਗਾਂ ਪੂਰੀਆਂ ਹੋਣ ਨੂੰ ਜੋੜ ਲੈਣਾ ਠੀਕ ਨਹੀਂ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਅੰਮ੍ਰਿਤ ਵੇਲੇ ਤੋਂ ਤੋੜਨ ਦੀ ਸਾਜਿਸ਼ ਤਹਿਤ ਚੌਪਹਿਰੇ ਸ਼ੁਰੂ ਕੀਤੇ ਗਏ ਹਨ। ਕਾਰਨ ਜੋ ਵੀ ਹੋਵੇ, ਸਿੱਖਾਂ ਦਾ ਵੱਡਾ ਹਿੱਸਾ ਇਨ੍ਹਾਂ ਨਵੇਂ ਕਰਮ ਕਾਂਡਾਂ ਵੱਲ ਰੁਚਿਤ ਹੋ ਗਿਆ ਹੈ। ਕਿਉਂਕਿ ਗੁਰਬਾਣੀ ਦਾ ਆਪ ਅਧਿਐਨ ਕਰਨਾ ਅਤੇ ਉਸਨੂੰ ਜੀਵਨ ਵਿਚ ਕਮਾਉਣ ਦੇ ਔਖੇ ਕੰਮ ਨਾਲੋਂ ਅਜਿਹੇ ਕਰਮ ਕਾਂਡ ਕਰਨੇ ਸੌਖੇ ਲੱਗਦੇ ਹਨ। ਵਾਹਿਗੁਰੂ ਮਿਹਰ ਕਰੇ। ਸਾਨੂੰ ਗੁਰਬਾਣੀ ਦੀ ਸੋਝੀ ਬਖਸ਼ੇ ਅਤੇ ਇਤਿਹਾਸ ਨੂੰ ਗੁਰਬਾਣੀ ਦੀ ਕਸਵੱਟੀ ਤੇ ਪਰਖਣਾ ਆ ਜਾਵੇ।




ਕਲਾਕਾਰ : ਸਰਦਾਰਨੀ ਮਨਿੰਦਰ ਕੌਰ, ਕੈਲਗਰੀ (ਕੈਨੇਡਾ)

ਚਿ ਮਰਦੀ ਕਿ ਅਖਗਰ ਖ਼ਮੋਸ਼ਾਂ ਕੁਨੀ ।।

ਕਿ ਆਤਿਸ਼ ਦਮਾਂ ਰਾ ਫਰੋਜ਼ਾਂ ਕੁਨੀ।।੭੭।।

- ਜਫਰਨਾਮਾ

ਉਪਰੋਕਤ ਤੁਕ ਔਰੰਗਜੇਬ ਵਲੋਂ ਕੀਤੇ ਗਏ ਧੋਖੇ ਅਤੇ ਬੇਈਮਾਨੀ ਨੂੰ ਪ੍ਰਗਟ ਕਰਦੀ ਹੈ।

ਸ਼ਬਦ ਅਰਥ :- ਚਿ ਮਰਦੀ = ਇਹ ਕਿਸ ਤਰਾਂ ਦੀ ਮਰਦਾਨਗੀ (ਬਹਾਦਰੀ ਜਾਂ ਨੈਤਿਕਤਾ ) ਹੈ

ਅਖ਼ਗਰ ,= ਅੱਖਾਂ (ਚੰਗਿਆੜੀਆਂ)

ਖ਼ਮੋਸ਼ਾਂ = ਖਾਮੋਸ਼ ਕਰਨ ਵਾਲਾ

ਕੁਨੀ= ਵਿਅੰਗਾਤਮਕ - ਕੁਨ (ਹੋਣਾ) - ਕੀ ਹੈਂ ?? ਜਾਂ ਹੈਂ ਕੀ??

ਆਤਿਸ਼ = ਅੱਗ

ਦਮਾਂ = ਅੱਗ ਦੇ ਭੜਕੇ ਹੋਏ ਸ਼ਿਖੇ (ਅੱਗ ਦੇ ਉੱਚੇ ਹਿੱਸੇ ਜੋ ਉੱਪਰ ਵੱਲ ਜਾਂਦੇ ਹਨ)

ਫਰੋਜ਼ਾਂ = ਬੁਝਾਉਣ ਵਾਲਾ

ਸਰਲ ਅਰਥ :- ਔਰੰਗਜੇਬ ਨੂੰ ਕਿਹਾ ਗਿਆ ਹੈ (ਵਿਅੰਗ ਨਾਲ)ਕਿ ਤੂੰ ਖੁਦ ਨੂੰ ਬਹਾਦਰ ਤਾਂ ਆਖਦਾ ਹੈਂ , ਪਰ ਇਹ ਕਿਹੜੀ ਬਹਾਦਰੀ ਹੈ ਜੋ ਤੂੰ ਨਿਰਦੋਸ਼ ਲੋਕਾਂ ਦੀਆਂ ਅੱਛੀਆਂ ਨਜਰਾਂ (ਚਮਕਦੀਆਂ)ਨੂੰ ਡਰਾ ਕੇ ਖਾਮੋਸ਼ ਕਰ ਦਿੰਦਾ ਹੈਂ ਅਤੇ ਉਹਨਾਂ ਦੇ ਭਾਵੁਕ ਜਜ਼ਬਾਤਾਂ (ਅੱਗ ਨਾਲ ਤੁਲਨਾ ਹੈ) ਨੂੰ ਹੋਰ ਭੜਕਾ ਦਿੰਦਾ ਹੈਂ। ਇਹ ਔਰੰਗਜੇਬ ਦੇ ਝੂਠੇ ਵਾਅਦਿਆਂ ਨੂੰ (ਕੁਰਾਨ ਦੀ ਸਹੁੰ ਖਾ ਕੇ) ਤੋੜਨ ਅਤੇ ਧਰਮ ਯੁੱਧ ਵਿਚ ਧੋਖਾ ਦੇਣ ਨੂੰ ਨੰਗਾ ਕਰਦਾ ਹੈ।

**(ਅਰਥ : ਸਰਦਾਰ ਜਸਵਿੰਦਰ ਸਿੰਘ ਰੁਪਾਲ)**

## ਸਰਬੰਸ ਦਾਨੀ ਦਸਮੇਸ਼ ਪਿਤਾ

ਲੱਖਾਂ ਆਉਂਦੇ ਇਸ ਧਰਤੀ ਤੇ
ਲ਼ੱਖਾਂ ਇਥੋਂ ਰੋਜ਼ ਚਲੇ ਜਾਂਦੇ

ਦਸਮੇਸ਼ ਜਿਹਾ ਨਾ ਆਇਆ ਕੋਈ
ਨਾ ਅੱਗੇ ਕਿਸੇ ਨੇ ਆਉਣਾ ਹੈ

ਧਰਮ ਧੁਜਾ ਗੁਰੂ ਗੋਬਿੰਦ ਸਿੰਘ
ਜਗ ਧਰਮ ਚਲਾਇਨ ਆਏ ਸਨ

ਪਿਤਾ ਦਾ ਮਾਣ ਵਧਾਇਆ ਉਨ੍ਹਾਂ
ਕਿਹਾ ਆਪ ਜਿਹਾ ਕੌਣ ਹੋਵੇਗਾ ?

ਜੋ ਰਾਖੀ ਧਰਮ ਦੀ ਕਰਣ ਲਈ
ਸੀਸ ਦੇ ਸਕਦਾ ਬਿਨ ਸੀ ਉਚਰੇ

ਉਸ ਸ਼ਹੀਦ ਪਿਤਾ ਤੇ ਪੁੱਤਰ ਨੇ
ਦਿਲ ਦਰਿਆ ਸੀ ਕਰ ਛੱਡੇ

ਜਿਸ ਜ਼ੁਲਮ ਵਿਰੁੱਧ ਸ਼ਸਤਰ ਚੁਕੇ
ਉਹ 'ਮਰਦ ਅਗੰਮੜਾ' ਇੱਕੋ ਸੀ

ਜ਼ਫਰਨਾਮਾਂ ਭੇਜਣ ਦੀ ਜੁੱਰਤ
ਗੁਰੂ ਗੋਬਿੰਦ ਸਿੰਘ ਬਿਨ ਕੌਣ ਕਰੇ

ਦੁਨੀਆਂ ਦਾ ਪੀਰ ਜਾਂ ਜੋਧਾ ਕੋਈ
ਪੁੱਤਾਂ ਦੇ ਕਸ਼ਟ ਨਾ ਜਰ ਸਕਿਆ

ਦਸਮੇਸ਼ ਪਿਤਾ ਹੀ ਸੀ ਜਿਨ੍ਹਾਂ
ਆਪੇ ਦੋ ਲਾਲ ਜੰਗ ਨੂੰ ਤੋਰੇ ਸੀ

ਧਰਮ ਹਿਤ ਸ਼ਹਾਦਤ ਦੇਣ ਲਈ
ਦੋ ਕੰਧਾਂ ਵਿਚ ਚਿਨਵਾਏ ਗਏ

ਝੂਠੇ 'ਦਾਨੀ' ਜਗ ਤੇ ਕਈ ਆਏ
ਰਿਸ਼ਵਤ ਰੱਬ ਨੂੰ ਜੋ ਦਿੰਦੇ ਵੇਖੇ

ਸਰਬੰਸ ਦਾਨੀ ਬਸ ਇੱਕ ਹੋਏ
ਉਹ ਇੱਕੋ ਸੀ ਗੁਰੂ ਗੋਬਿੰਦ ਸਿੰਘ

ਕਵੀ ਕਈ ਉਸ ਦੇ ਦਰਬਾਰੀਂ ਸੋਹੇ
ਸਿਰਮੌਰ ਮਗਰ ਗੁਰੂ ਗੋਬਿੰਦ ਸਿੰਘ

ਦਿਲਾਂ ਤੇ ਰਾਜ ਸਦੀਵੀ ਜਿਸ ਦਾ
ਉਹ ਨਿਰਭੌ ਗੋਬਿੰਦ ਸਿੰਘ ਹੀ ਸੀ


(ਸਰਦਾਰਨੀ ਨਰਿੰਦਰ ਕੌਰ)

## Sikhs' Role in Netaji's Indian National Army (INA)

Dr Raja Balraj Singh, Calgary (Canada)

As India celebrates its Republic Day, every Indian's mind goes back to the sacrifices of the great patriots who pioneered the freedom struggle. Thousands of them who fought in the Azad Hind Fauj (Indian National Army) were arrested in Singapore and Malaya by the British. They activated the spirit of a subjugated people. In 1942, the INA was set up under the leadership of Captain Mohan Singh at Singapore. Netaji Subhas Chandra Bose in 1943 turned it into a formidable army of more than 40,000 soldiers, including Indian prisoners of war (POW) and civilian volunteers belonging to different religions from several Asian countries.

Netaji gave the call, "Give me blood, and I shall give you freedom!" inspired thousands to join the fight against colonial oppression. In October 1943, he proclaimed the establishment of the Provisional Government of Azad Hind Fauj in Singapore, declaring war on Britain and their allies. The INA fought critical battles at Arakan, Burma and Imphal. They underscored the INA's commitment to India's freedom, for which they laid down their lives.



General Mohan Singh

In April 1944, Colonel Shaukat Malik of the INA raised the Indian Flag in Manipur. This bold act was a powerful symbol of hope and Public Unity in India. The trials of some prominent INA leaders like Shah Nawaz Khan, Prem Sahgal, and Sardar Gurbaksh Singh Dhillon, were held by the British in Delhi in November 1945. These ignited a wave of outrage in the country and strengthened India's collective resolve to end of British colonial rule. Sikhs served as some of its earliest organizers, key commanders and a disproportionately large share of its fighting force. Their participation shaped the military strength of INA.

*Role of Sikhs in the INA*

Before Captain Mohan Singh was captured by the Japanese, he reorganized thousands of Indian POWs into a liberation army, laying the groundwork for the Azad Hind Fauj. With his initiative, the INA gained unprecedented strength. Sikhs formed a large proportion of the INA's soldiers, far exceeding their percentage in India's population. Their military training and discipline gave the INA combat capability as several prominent officers were Sikhs.

Sikh soldiers fought in all the key INA campaigns under Neta ji Subhas Chandra Bose. Their battlefield role was crucial for the INA's entry to India militarily. Sikh women also joined an all-women combat unit. They served as soldiers, nurses, and support staff. It was one of the world's first female infantry regiments. The participation of Sikhs- men and women- raised the INA's morale. After the war, the Red Fort trials of Dhillon, Sahgal, and Khan by the British, triggered nationwide protests, uniting Indians across religious lines and accelerating the end of British rule. Netaji's Statue was displayed in Amritsar as a lasting memorial.

The Indian Army opposed INA's integration with Indian Army after Independence. In 1963, the government granted a modest financial package to them. Initially they were denied freedom fighter status and pensions. Later, some of the INA leaders were offered prominent roles. Shah Nawaz Khan served as Minister of State for Railways, Abid Hasan became an ambassador, and Lakshmi Sahgal, leader of the Rani of Jhansi Regiment of INA, was honored. However, the struggles mostly went unrecognized. No memorials or museums to honor the INA's legacy were set up, and history books did not adequately include their sacrifices. In 2016, pensions for freedom fighters, including INA veterans, were raised.

Every year, India must honor all surviving INA soldiers and their families at national, state, and district levels. This will not only commemorate their sacrifices but also preserve their inspiring legacy and express our collective gratitude to them. We should remember INA's patriots, like other soldiers. Only then India can truly honour the spirit of the freedom they fought for and won at the cost of their lives.

*ਜੋਤ ਨੂਰਾਨੀ...(ਗੀਤ)*

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ,
ਕੈਲਗਰੀ (ਕੈਨੇਡਾ)



ਭਾਗਾਂ ਵਾਲੇ ਪਟਨੇ ਸ਼ਹਿਰ,
ਇੱਕ ਆਈ ਜੋਤ ਨੂਰਾਨੀ।
ਜਿਸ ਦਾ ਕੁੱਲ ਦੁਨੀਆਂ ਦੇ ਅੰਦਰ,
ਹੋਇਆ ਨਾ ਕੋਈ ਸਾਨੀ।
ਸਭ ਦੇ ਸਾਂਝੇ ਸੱਚੇ ਸਤਿਗੁਰ,
ਸ਼ੰਕਾ ਸਭ ਦੀ ਲਾਹੀ।

ਭੀਖਣ ਸ਼ਾਹ ਜਾਂ ਕੀਤਾ ਸਜਦਾ,
ਦਿਸ ਪਈ ਜੋਤ ਇਲਾਹੀ।
ਉਸ ਦੀ ਸ਼ਖਸੀਅਤ ਨਾ ਜਾਏ,
ਸ਼ਬਦਾਂ ਵੱਚ ਬਿਆਨੀ।
ਭਾਗਾਂ ...

ਮੁਰਦਾ ਰੂਹਾਂ ਦੇ ਵਿੱਚ ਉਸਨੇ,
ਮੁੜ ਤੋਂ ਪਾਈਆਂ ਜਾਨਾਂ।
ਚਿੜੀਆਂ ਕੋਲੋਂ ਬਾਜ ਤੁੜਾ ਕੇ,
ਲਿਖਿਆ ਇਕ ਅਫਸਾਨਾ ।
ਉਹਦੇ ਸਿੱਖਾਂ ਦੁਸ਼ਮਣ ਨੂੰ ਵੀ,
ਰਣ ਪਿਲਾਇਆ ਪਾਣੀ।
ਭਾਗਾਂ ...

ਧਰਮਾਂ ਦੀ ਆਜ਼ਾਦੀ  ਖ਼ਾਤਿਰ,
ਸਾਇਆ ਸਿਰੋਂ ਮਿਟਾਇਆ।
ਸਾਰਾ ਹੀ ਸਰਬੰਸ ਓਸ ਨੇ,
ਕੌਮ ਦੇ ਲੇਖੇ ਲਾਇਆ।
ਰੋਕੀ ਸੀ ਉਸ ਤਲਵਾਰਾਂ ਸੰਗ,
ਜ਼ਾਲਿਮ ਦੀ ਮਨਮਾਨੀ।
ਭਾਗਾਂ...

ਉਸ ਦੇ ਨਿੱਕਿਆਂ ਵੱਡੇ ਸਾਕੇ,
ਜੱਗ ਨੂੰ ਕਰ ਦਿਖਲਾਏ।
ਨੀਂਹ ਵਿੱਚ ਰੱਤ ਚੁਆ ਕੇ ਆਪਣੀ,
ਸਿੱਖੀ ਮਹਿਲ ਬਣਾਏ।
ਜੱਸ ਉਹਦੇ ਗਾ ਨਹੀਂ ਸਕਦੀ,
'ਦੀਸ਼' ਦੀ ਕਲਮ ਨਿਮਾਣੀ॥
ਭਾਗਾਂ...

## Announcing the “**Japji Sahib AI Guide**”

Sanjhi Virasat is honoured to introduce the Japji Sahib AI Guide, a calm, always-available voice companion now released on the Apple App Store. This is seemingly the world’s first AI-powered guide created specifically to help seekers reflect on Japji Sahib through simple, natural conversation.

From the time of Guru Nanak Sahib, Sikhi has encouraged learning, reason, and truthful living in every sphere of life, not only within the walls of the gurdwara. Over history, the Panth has used the most advanced tools of each era—Gurmukhi script, the printing press, Sikh newspapers and magazines, radio, cassettes, and online broadcasts—to spread Guru Nanak’s bani widely and accurately. Today, we live in an age of artificial intelligence, and Sikh scholars and educators are beginning to explore AI as a respectful way to preserve heritage, translate and explain Gurbani, and support Sikh values for younger generations. The **Japji Sahib AI Guide** follows in this tradition: it is a digital seva meant to sit **alongside** *paath*, kirtan, katha, and sangat-based *vichar*—never to replace them in any way—by making it easier for individuals to pause, ask, and think more deeply about Japji Sahib in daily life.

The app offers a Sikh-inspired voice agent trained on trusted explanations of Japji Sahib to give gentle, conversational replies that support Gurbani *vichar.* It helps you return to the s*habad*, explore meanings, and reflect on how Guru Nanak Sahib’s message speaks to real questions about work, family, study, and inner life, without claiming to be a teacher or a substitute for Guru Granth Sahib Ji, katha, or sangat. For now, the companion replies in English only. The volunteer team is working to develop a Punjabi-speaking version with clear, respectful pronunciation and, with Guru’s *kirpa,* this will be offered once it is ready so sangat can converse more fully in the language of Gurbani.

### How to use the app

- Open the app and press the **Call Agent** button on the main screen to begin.
- Speak as you would to a trusted human companion or friend: ask your questions about Japji Sahib, or mention a line or idea you want to understand better, in your own everyday language.
- The AI guide listens and then offers a calm, conversational response aimed at supporting your *vichar* and gently bringing you back to Japji Sahib and its guidance.

### A humble request to the sangat


This first version has been created by a small team of *sevadaar*-volunteers, and it will certainly have limitations and mistakes; we sincerely ask your **forgiveness** for any shortcomings and warmly welcome your feedback so that, with the sangat’s guidance, it can be improved. Please share the Japji Sahib AI Guide with your friends, family members, and especially the younger generation who live on their phones, and if you find it helpful, leave a rating and review on the Apple App Store—strong reviews help this small project become more visible on this global platform, so that Guru Nanak’s bani can reach more hearts in a new, AI-enabled way.

**Interactions with Sikhs of Today**

By Prof. Dr. Sukhmander Singh, Santa Clara University, USA

Reviewer

Prof. Dr. Surjit Singh Bhatti, Calgary, Canada







Dr Sukhmander Singh

Sikh Affairs have been a subject of perennial interest among Indians and people of other Faiths globally. It is not due to their distinct appearance only. Their approach to spiritual as well as temporal issues is different. In their process of evolution, they had to fight for their existence in a hostile social and political environment. This book 'Interactions with Sikhs of Today' explores Sikh History and Leadership through *Gurbani*, the Teachings of Sikh *Gurus* embodied in *Sri Guru Granth Sahib* and the fight for their rights by the relentless efforts of progressive thinkers like Sant Teja Singh (1877–1965).

A central focus is Sant Teja Singh's influential work between 1906 and 1912, based on his education at leading Western institutions. It highlights his role in establishing *Gurdwaras* in North America and the UK and also a schools in India where spiritual education is imparted along with latest scientific education. The book highlights his leadership in defending Sikh civil rights and his contribution to the intellectual foundation of the Indian Freedom, the *Ghadar*

Movement. However, this book by Professor Dr. Sukhmander Singh, addresses many other very issues beyond history.

It is mainly concerned with contemporary challenges within the Sikh *Panth*, within as also outside India. The Sikh diaspora feel highly concerned about the turn of events due to certain recent unhealthy developments. The author highlights these issues with a view to initiate a constructive and healthy world-wide discussion. But he rises above mere diagnosis and identification of the problems and the commonplace criticism one finds in some other books.

He is a scientist and offers positive and practical solutions. The idea is to ensure that this talented, *avant-garde* community in future moves ahead in the right direction. This is possible through Collective Sikh Leadership during political and religious vicissitudes and mature Institutional Governance of their representative institutions. Today the need is to return to collective wisdom as envisioned by all Sikh Gurus, especially by Guru Gobind Singh Ji. A blending of spiritual insight with historical analysis, this book is an essential read for those interested in Sikh philosophy, diaspora history, and ethical Sikh leadership for their future.

## About the Author
## (Dr Sukhmander Singh)

Dr Sukhmander Singh is B. Engg. (Thapar Institute, Patiala), MS (IIT-Delhi) and Ph.D. (University of California, Berkeley, USA) and gained eleven years of Industry Experience as a Project Manager and Civil Engineer (of Alyeska and Trans Alaska Pipelines) and in Santa Barbara, before joining Santa Clara University, USA, as a Faculty Member. A Fellow of the American Society of Civil Engineers (ASCE), he is a Consultant of prestigious US projects. Included in "International Who's Who".

Dr Sukhmander Singh received the President's Special Award for his dedicated services, and an Endowment Professorship was established in his name. He authored many technical books and research papers and is Editor of several technical journals, besides two International Journals of '*Religion in Society*' and 'Environmental, Cultural, Economic and Social Sustainability of Human Beings'. This book is a 'must read' for all those who feel concerned about the future of Sikhs, and the universal impact of this progressive community.

## ਪਿਛਲੇ ਮਹੀਨੇ (ਦਸੰਬਰ 2025) ਦੀ ਵਿਸ਼ਾ ਸੂਚੀ

### ਵਿਸ਼ੇਸ਼ ਅੰਕ

(1-ਪੋਹ 557 / 14-ਦਸੰਬਰ 2025 ਅੰਕ)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਬਾਰਹ ਮਾਹਾ (ਤੁਖਾਰੀ) ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3. | ਬਾਰਹ ਮਾਹਾ (ਮਾਝ) ਦਾ ਪਾਠ ਅਤੇ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਇੱਕ ਬੇਮਿਸਾਲ ਲਾਸਾਨੀ ਸ਼ਹਾਦਤ | ਡਾ. ਸਰਦਾਰ ਇੰਦਰਜੀਤ ਸਿੰਘ ਵਾਸੂ | 7 |
| 5. | ਗੁਰੂ ਸਾਹਿਬ ’ਤੇ ਸ਼ਹੀਦ ਸਿੱਖਾਂ ਦੀਆਂ ਦੇਹਾਂ ਦੀ ਸੰਭਾਲ | ਸਰਦਾਰ ਜਸਵੰਤ ਸਿੰਘ ਸੇਖੋਂ | 9 |
| 6. | ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮਨ ਦਾ ਸੰਕਲਪ | ਡਾ. ਸਰਦਾਰ ਦਲਜੀਤ ਸਿੰਘ | 11 |
| 7. | ਛਲਣੀ ਹੋ ਗਿਆ ਵੇਖ ਕਲੇਜਾ ਪਾਪੀ ਦੇਣ ਤਸੀਹੇ ਜੀ | ਸ੍ਰ. ਜਸਵੀਰ ਸ਼ਰਮਾ ਦੱਦਾਹੂਰ | 15 |
| 8. | ਕਸ਼ਮੀਰੀ ਪੰਡਤਾਂ ਦੀ ਪੁਕਾਰ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 17 |
| 9. | ਧੰਨ ਧੰਨ ਗੁਰਦੇਵ ਸੁਤ ਤਨ ਕੋ ਲੋਭ ਨ ਕੀਨ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 18 |
| 10. | ਸ਼ਹਾਦਤ ਨੂੰ ਸਿਜਦਾ | ਸਰਦਾਰਨੀ ਗੁਰਨਾਮ ਕੌਰ | 21 |
| 11. | ਦੇ ਸਿੱਖਿਆ ਗੋਬਿੰਦ ਰਾਇ ਨੂੰ | ਸਰਦਾਰਨੀ ਗੁਰਜੀਤ ਕੌਰ ਅਜਨਾਲਾ | 22 |
| 12. | ਹਿੰਦ ਦੀ ਚਾਦਰ | ਸਰਦਾਰ ਸੁਖਮੰਦਰ ਸਿੰਘ ਗਿੱਲ | 23 |
| 13. | ਗੁਰੂ ਗੋਬਿੰਦ ਸਿੰਘ ਜੀ : ਅਦੁਤੀ ਚਿੰਤਨ ਅਤੇ ਵਰਦਾਨ | ਡਾ. ਸਰਦਾਰ ਕਾਬਲ ਸਿੰਘ | 24 |
| 14. | ਡੂਢ ਕੋਰੜਾ ਛੰਦ-ਸਾਕੇ ਤਾਈਂ ਕਿਵੇਂ ਕਰੀਏ ਬਿਆਨ ਨੂੰ ਜੱਗ ਤੇ ਮਿਸਾਲ ਨਾ | ਸਰਦਾਰ ਜਸਵਿੰਦਰ ਸਿੰਘ ਰੁਪਾਲ | 27 |
| 15. | ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ-ਗੁਰੂ ਪ੍ਰਤੀ ਸਤਿਕਾਰ | ਸਰਦਾਰ ਜਸਵਿੰਦਰ ਸਿੰਘ ਰੁਪਾਲ | 29 |
| 16. | phl (PEHEL) Punjab Education, Health and Employment Leher (By Global Sikh Council) | ਸਰਦਾਰ ਗੁਲਬਰਗ ਸਿੰਘ ਬਾਸੀ ਅਤੇ ਡਾ. ਸਰਦਾਰ ਕਾਬਲ ਸਿੰਘ | 33 |
| 17. | ਗੁਰਦੁਆਰਿਆਂ ਲਈ ਸੁਝਾਅ - ਗਲੋਬਲ ਸਿੱਖ ਕੌਂਸਿਲ | ਡਾ. ਸਰਦਾਰ ਕਾਬਲ ਸਿੰਘ | 35 |
| 18. | ਜੱਸੀ ਅਤੇ ਜਲਗਾਹਾਂ (ਲੇਖਕ - ਡਾ. ਡੀ. ਪੀ. ਸਿੰਘ) | ਸਮੀਖਿਆਕਾਰ - ਬਲਜਿੰਦਰ ਮਾਨ | 36 |
| 19. | ਅੰਤਰ-ਰਾਸ਼ਟ੍ਰੀ ਬਾਲ ਕਵੀ ਦਰਬਾਰ | ਈ-ਦੀਵਾਨ ਕੈਲਗਰੀ ਵਲੋਂ | 39 |
| 20. | ਨਿੱਕੀਆਂ ਜਿੰਦਾਂ ਵੱਡਾ ਸਾਕਾ | ਸਰਦਾਰ ਅਮਨਪ੍ਰੀਤ ਸਿੰਘ ਦੁਲੱਟ | 42 |
| 21. | ਸੋਹਣੇ ਸ਼ਬਦ ਸੋਹਣੇ ਅੱਖਰਾਂ ਵਿਚ (ਛਓਿਲਲਗਿਰਓਪਹੇ) | ਸਰਦਾਰਨੀ ਮਨਿੰਦਰ ਕੌਰ | 43 |
| 22. | Convergence of Sacred Visions | Dr Sardar D. P. Singh | 45 |
| 23. | Hakeem Allah Yaar Khan Jogi | Prof Dr Surjit Singh Bhatti | 46 |
| 24. | Editorial and Advisory Boards | Sanjhi Virasat | 51 |

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)

| | |
|---|---|
| **ਡਾ. ਸਰਦਾਰ ਰਾਜਾ ਬਲਰਾਜ ਸਿੰਘ** | ਕੈਲਗਰੀ (ਕੈਨੇਡਾ) |
| **ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ** | ਕੈਲਗਰੀ (ਕੈਨੇਡਾ) |
| **ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ** | ਐਡਮਿੰਟਨ (ਕੈਨੇਡਾ) |
| **ਡਾ. ਸਰਦਾਰ ਕਾਬਲ ਸਿੰਘ** | ਐਡਮਿੰਟਨ (ਕੈਨੇਡਾ) |
| **ਡਾ. ਸਰਦਾਰ ਬਲਦੇਵ ਸਿੰਘ** | ਐਡਮਿੰਟਨ (ਕੈਨੇਡਾ) |
| **ਸਰਦਾਰ ਜਗਬੀਰ ਸਿੰਘ ਕੋਹਲੀ** | ਕੈਲਗਰੀ (ਕੈਨੇਡਾ) |
| **ਸਰਦਾਰ ਪਰਮਜੀਤ ਸਿੰਘ** | ਟੋਰੋਂਟੋ (ਕੈਨੇਡਾ) |
| **ਸਰਦਾਰ ਜਸਵਿੰਦਰ ਸਿੰਘ ਰੁਪਾਲ** | ਕੈਲਗਰੀ (ਕੈਨੇਡਾ) |
| **ਸਰਦਾਰ ਉਂਕਾਰ ਸਿੰਘ ਟਿਵਾਣਾ** | ਓਨਟਾਰੀਓ (ਕੈਨੇਡਾ) |
| **ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ)** | ਕੈਲਗਰੀ (ਕੈਨੇਡਾ) |
| **ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ)** | ਕੈਲਗਰੀ (ਕੈਨੇਡਾ) |
| **ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ)** | ਕੈਲਗਰੀ (ਕੈਨੇਡਾ) |

### ਸਲਾਹਕਾਰ

| | |
|---|---|
| **ਡਾ. ਸਰਦਾਰ ਕਾਲਾ ਸਿੰਘ** | ਵੈਨਕੂਵਰ (ਕੈਨੇਡਾ) |
| **ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ** | ਵਿੰਡਸਰ (ਕੈਨੇਡਾ) |
| **ਡਾ. ਸਰਦਾਰ ਦੇਵਿੰਦਰ ਪਾਲ ਸਿੰਘ** | ਮਿਸੀਸਾਗਾ (ਕੈਨੇਡਾ) |
| **ਡਾ. ਸਰਦਾਰ ਜਗਜੀਤ ਸਿੰਘ** | ਵੈਨਕੂਵਰ (ਕੈਨੇਡਾ) |
| **ਸਰਦਾਰ ਕਰਮਜੀਤ ਸਿੰਘ ਨੂਰ** | ਜਲੰਧਰ (ਭਾਰਤ) |
| **ਸਰਦਾਰਨੀ ਅਮ੍ਰਿਤਪਾਲ ਕੌਰ** | ਜਲੰਧਰ (ਭਾਰਤ) |
| **ਸ਼੍ਰੀ ਰਿਸ਼ੀ ਨਾਗਰ** | ਕੈਲਗਰੀ (ਕੈਨੇਡਾ) |
| **ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ)** | ਕੈਲਗਰੀ (ਕੈਨੇਡਾ) |

# ਐਡੀਟੋਰੀਅਲ ਬੋਰਡ



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਸ੍ਰ. ਜਸਵਿੰਦਰ ਸਿੰਘ ਰੁਪਾਲ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ


ਡਾ. ਕਾਲਾ ਸਿੰਘ


ਡਾ. ਡੀ. ਪੀ ਸਿੰਘ


ਡਾ. ਜਗਜੀਤ ਸਿੰਘ


ਡਾ. ਦਵਿੰਦਰ ਸਿੰਘ ਸੇਖੋਂ


ਸ੍ਰ. ਕਰਮਜੀਤ ਸਿੰਘ ਨੂਰ


ਅਮ੍ਰਿਤਪਾਂਲ ਕੌਰ


ਰਿਸ਼ੀ ਨਾਗਰ


ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ